Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 23 | Wednesday, February 02, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਟਰੱਕਰਜ਼ ਦੇ ਮੁਜ਼ਾਹਰੇ ਤੋਂ ਪਹਿਲਾਂ ਹੀ ਕੁਈਨਜ਼ ਪਾਰਕ ਵਿਖੇ ਕੀਤੀਆਂ ਜਾ ਰਹੀਆਂ ਹਨ ਸਕਿਊਰਿਟੀ ਸਬੰਧੀ ਤਿਆਰੀਆਂ




ਓਨਟਾਰੀਓ, 1 ਫਰਵਰੀ (ਪੋਸਟ ਬਿਊਰੋ) : ਕੋਵਿਡ-19 ਵੈਕਸੀਨੇਸ਼ਨ ਨੂੰ ਲਾਜ਼ਮੀ ਕੀਤੇ ਜਾਣ ਖਿਲਾਫ ਵੀਕੈਂਡ ਉੱਤੇ ਟਰੱਕਰਜ਼ ਵੱਲੋਂ ਸੰਭਾਵੀ ਤੌਰ ਉੱਤੇ ਕੀਤੇ ਜਾਣ ਵਾਲੇ ਮੁਜ਼ਾਹਰੇ ਤੋਂ ਪਹਿਲਾਂ ਹੀ ਟੋਰਾਂਟੋ ਵਿੱਚ ਕੁਈਨਜ਼ ਪਾਰਕ ਵਿਖੇ ਸਕਿਊਰਿਟੀ ਸਬੰਧੀ ਤਿਆਰੀਆਂ ਜ਼ੋਰਾਂ ਸ਼ੋਰਾਂ ਉੱਤੇ ਚੱਲ ਰਹੀਆਂ ਹਨ।

ਕੌਨਵੌਏ ਫੌਰ ਫਰੀਡਮ ਟੋਰਾਂਟੋ ਦੇ ਫਲਾਇਰ ਟਰੱਕਰਜ਼ ਤੇ ਉਨ੍ਹਾਂ ਦੇ ਸਮਰਥਕਾਂ ਲਈ ਆਨਲਾਈਨ ਸਰਕੂਲੇਟ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚ ਟਰੱਕਰਜ਼ ਤੇ ਉਨ੍ਹਾਂ ਦੇ ਸਮਰਥਕਾਂ ਨੂੰ ਸ਼ਨਿੱਚਰਵਾਰ ਨੂੰ ਦੱਖਣੀ ਓਨਟਾਰੀਓ ਦੀਆਂ ਵੱਖ ਵੱਖ ਲੋਕੇਸ਼ਨਾਂ ਉੱਤੇ ਇੱਕਠਾ ਹੋਣ ਦੀ ਅਪੀਲ ਕੀਤੀ ਗਈ ਹੈ ਤੇ ਫਿਰ ਰਲ ਕੇ ਦੁਪਹਿਰ ਤੱਕ ਕੁਈਨਜ਼ ਪਾਰਕ ਵੱਲ ਵਧਣ ਦਾ ਸੱਦਾ ਵੀ ਦਿੱਤਾ ਜਾ ਰਿਹਾ ਹੈ।

ਮੰਗਲਵਾਰ ਸ਼ਾਮ ਨੂੰ ਵਰਕਰਜ਼ ਨੂੰ ਕੁਈਨਜ਼ ਪਾਰਕ ਦੇ ਸਾਹਮਣੇ ਵਾਲੇ ਪਾਰਕਿੰਗ ਲੌਟ ਦੀ ਐਂਟਰੈਂਸ ਤੇ ਐਗਜ਼ਿਟ ਉੱਤੇ ਫੋਰਕਲਿਫਟਸ ਨਾਲ ਵੱਡੇ ਕੰਕਰੀਟ ਦੇ ਪਲਾਂਟਰਜ਼ ਲਾਉਂਦਿਆਂ ਵੇਖਿਆ ਗਿਆ। ਅਜਿਹਾ ਕਿਸੇ ਵੀ ਗੱਡੀ ਨੂੰ ਇਸ ਪਾਰਕਿੰਗ ਲੌਟ ਵਿੱਚ ਦਾਖਲ ਹੋਣ ਤੋਂ ਰੋਕਣ ਲਈ ਕੀਤਾ ਜਾ ਰਿਹਾ ਹੈ। ਸਕਿਊਰਿਟੀ ਸਟਾਫ ਨੇ ਦੱਸਿਆ ਕਿ ਇਹ ਤਿਆਰੀਆਂ ਸੰਭਾਵੀ ਟਰੱਕਰਜ਼ ਕੌਨਵੌਏ ਦੀਆਂ ਤਿਆਰੀਆਂ ਲਈ ਕੀਤੀਆਂ ਜਾ ਰਹੀਆਂ ਹਨ। ਮੰਗਲਵਾਰ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਓਟਵਾ ਵਿੱਚ ਡੇਰੇ ਲਾ ਕੇ ਬੈਠੇ ਮੁਜ਼ਾਹਰਾਕਾਰੀਆਂ ਨੂੰ ਘਰੋ ਘਰੀ ਜਾਣ ਲਈ ਆਖਿਆ।

## ਦੋਹਰੇ ਗੋਲੀਕਾਂਡ ਵਿੱਚ ਇੱਕ ਵਿਅਕਤੀ ਦੀ ਹੋਈ ਮੌਤ




ਮਾਰਖਮ, 1 ਫਰਵਰੀ (ਪੋਸਟ ਬਿਊਰੋ) : ਮਾਰਖਮ ਵਿੱਚ ਵਾਪਰੇ ਦੋਹਰੇ ਗੋਲੀਕਾਂਡ ਵਿੱਚ ਇੱਕ ਵਿਅਕਤੀ ਦੀ ਮੌਕੇ ਉੱਤੇ ਹੀ ਮੌਤ ਹੋ ਗਈ। ਇਹ ਜਾਣਕਾਰੀ ਯੌਰਕ ਰੀਜਨਲ ਪੁਲਿਸ ਨੇ ਦਿੱਤੀ।

ਸ਼ਾਮੀਂ 5:45 ਉੱਤੇ ਪਰਪਲ ਹਿੱਚ ਰੋਡ ਤੇ ਰਸਲ ਜਾਰਵਿਸ ਡਰਾਈਵ ਏਰੀਆ ਵਿੱਚ ਗੋਲੀ ਚੱਲਣ ਦੀਆਂ ਖਬਰਾਂ ਮਿਲਣ ਤੋਂ ਬਾਅਦ ਪੁਲਿਸ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਪਰ ਉਸ ਦੀ ਉਮਰ ਬਾਰੇ ਅਜੇ ਤੱਕ ਕੋਈ ਜਾਣਕਾਰੀ ਨਹੀਂ ਦਿੱਤੀ ਗਈ।

ਇੱਕ ਹੋਰ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਪਰ ਕਿਸ ਹੱਦ ਤੱਕ ਜ਼ਖ਼ਮੀ ਹੈ ਇਸ ਦਾ ਖੁਲਾਸਾ ਨਹੀਂ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਇਸ ਸਮੇਂ ਦੋ ਵਿਅਕਤੀ ਹਿਰਾਸਤ ਵਿੱਚ ਹਨ।

## ਕਰਤਾਰਪੁਰ ਵਿਖੇ ਜੀਟੀਏ ਕਬੱਡੀ ਕਲੱਬ ਟਰੰਟੋ ਵਲੋਂ ਅੰਤਰਰਾਸ਼ਟਰੀ ਕਬੱਡੀ ਕੱਪ 27 ਫਰਵਰੀ ਨੂੰ


ਜੀਟੀਏ ਕਬੱਡੀ ਕਲੱਬ ਟਰੰਟੋ ਦੇ ਪ੍ਰਧਾਨ ਮੇਜਰ ਨੱਤ


ਬਿੱਲਾ ਰੰਧਾਵਾ (ਚੇਅਰਮੈਨ)


ਦਲਜੀਤ ਸਹੋਤਾ (ਖਜ਼ਾਨਚੀ)


ਕਰਮਜੀਤ ਸੁੰਨੜ


ਬੰਤ ਨਿੱਝਰ ਖਜੂਰਲਾ


ਸਤਨਾਮ ਸਰਾਏ


ਜਿੰਦਰ ਬੁੱਟਰ

### ਕੰਵਰ ਗਰੇਵਾਲ ਲਾਉਣਗੇ ਰੌਣਕਾਂ

ਟਰੰਟੋ, 1 ਫਰਵਰੀ (ਪੋਸਟ ਬਿਊਰੋ): ਕੈਨੇਡਾ ਓਨਟਾਰੀਓ ਸੂਬੇ ਦੇ ਗਰੇਟਰ ਟਰੰਟੋ ਏਰੀਏ ਵਿਚ ਬੜੇ ਲੰਬੇ ਸਮੇਂ ਚੱਲੀ ਆ ਰਹੀ ਸਪੋਟਰਸ ਕਲੱਬ ਜੀਟੀਏ ਕਬੱਡੀ ਕਲੱਬ ਵਲੋਂ ਇਹ ਐਲਾਨ ਕੀਤਾ ਗਿਆ ਹੈ ਕਿ 27 ਫਰਵਰੀ 2022 ਨੂੰ ਪੰਜਾਬ ਵਿਚ ਕਰਤਾਰਪੁਰ ਵਿਖੇ ਅੰਤਰਰਾਸ਼ਟਰੀ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ। ਇਸ ਕੱਪ ਵਿਚ ਐੱਮ ਐੱਲ ਕੇ ਕਬੱਡੀ ਫੈਡਰੇਸ਼ਨ ਦੀਆਂ 8 ਟੀਮਾਂ ਅਤੇ ਅੰਡਰ 21 ਦੀਆਂ 4 ਟੀਮਾਂ ਵੱਲੋਂ ਭਾਗ ਲਿਆ ਜਾਵੇਗਾ।

ਜੀਟੀਏ ਕਬੱਡੀ ਕਲੱਬ ਟਰੰਟੋ ਦੇ ਪ੍ਰਧਾਨ ਮੇਜਰ ਨੱਤ ਜੀ ਨੇ ਦੱਸਿਆ ਕਿ ਇਸ ਟੂਰਨਾਮੈਂਟ ਵਿਚ ਅੱਵਲ ਰਹੀ ਟੀਮ ਨੂੰ ਢਾਈ ਲੱਖ ਰੁਪਏ ਅਤੇ ਦੂਜੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ ਦੋ ਲੱਖ ਰੁਪਏ ਦੇ ਇਨਾਮ ਨਾਲ ਨਿਵਾਜ਼ਿਆ ਜਾਵੇਗਾ। ਇਸ ਕਬੱਡੀ ਟੀਮ ਦੇ ਡਾਇਰੈਕਟਰ ਸਤਨਾਮ ਸਰਾਏ ਕੈਨੇਡਾ ਤੋਂ ਪੰਜਾਬ ਲਈ ਰਵਾਨਾ ਹੋ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ ਖਜ਼ਾਨਚੀ ਦਲਜੀਤ ਸਿੰਘ ਸਹੋਤਾ, ਸੈਕਟਰੀ ਕਰਮਜੀਤ ਸਿੰਘ ਸੁੰਨੜ ਅਤੇ ਮੈਂਬਰ ਬੰਤ ਨਿੱਝਰ ਖਜੂਰਲਾ ਬਹੁਤ ਜਲਦੀ ਪੰਜਾਬ ਲਈ ਰਵਾਨਾ ਹੋਣ ਜਾ ਰਹੇ ਹਨ।

ਚੇਅਰਮੈਨ ਬਿੱਲਾ ਰੰਧਾਵਾ ਵੱਲੋਂ ਦੱਸਿਆ ਗਿਆ ਕਿ ਜਿੱਥੇ ਅਸੀਂ ਟੀਮਾਂ ਨੂੰ ਉਤਸ਼ਹਿਤ ਕਰਨ ਲਈ ਵੱਡੇ ਇਨਾਮ ਰੱਖੇ ਹਨ ਉਥੇ ਵੈਸਟ ਰੇਡਰ ਅਤੇ ਵੈਸਟ ਜਾਫੀ ਲਈ ਮੋਟਰਸਾਈਕਲ ਇਨਾਮ ਵਜੋਂ ਦਿੱਤਾ ਜਾਵੇਗਾ।

ਇਸ ਟੂਰਨਾਮੈਂਟ ਵਿਚ ਪਹੁੰਚੇ ਦਰਸ਼ਕਾਂ ਲਈ ਜਿੱਥੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਮਨੋਰੰਜਨ ਕਰਨਗੇ ਉਥੇ ਨਾਲ ਹੀ ਪੰਜਾਬ ਦੇ ਪ੍ਰਸਿੱਧ ਗਾਇਕ ਕੰਵਰ ਗਰੇਵਾਲ ਦਾ ਵੀ ਸ਼ਾਮ ਦਾ ਪ੍ਰੋਗਰਾਮ ਵੀ ਉਲੀਕਿਆ ਗਿਆ ਹੈ।

ਜੀਟੀਏ ਕਬੱਡੀ ਕਲੱਬ ਟਰੰਟੋ ਦੇ ਸਾਰੇ ਮੈਂਬਰਾਂ ਵਿਚ ਇਸ ਸਮੇਂ ਪੂਰਾ ਉਤਸ਼ਾਹ ਹੈ ਕਿ ਕਰਤਾਰਪੁਰ ਵਿਖੇ ਹੋਣ ਜਾ ਰਹੇ ਇਸ ਕਬੱਡੀ ਕੱਪ ਵਿਚ ਵਧ ਚੜ੍ਹਕੇ ਯੋਗਦਾਨ ਪਾਇਆ ਜਾਵੇ ਅਤੇ ਪੰਜਾਬ ਵਿਚ ਖੇਡਾਂ ਨੂੰ ਪ੍ਰਫੁਲਿਤ ਕਰਨ ਲਈ ਇਹ ਇਕ ਵੱਖਰੀ ਛਾਪ ਛੱਡੀ ਜਾਵੇ।

ਜੀਟੀਏ ਕਬੱਡੀ ਕਲੱਬ ਦੇ ਮੀਡੀਆ ਸਲਾਹਕਾਰ ਅਮਰਜੀਤ ਰਾਏ ਅਤੇ ਜਗਦੀਸ਼ ਗਰੇਵਾਲ ਵੱਲੋਂ ਵੀ ਜੋ ਐੱਨ.ਆਰ.ਆਈਜ਼ ਇਸ ਸਮੇਂ ਪੰਜਾਬ ਵਿਚ ਹਨ ਉਨ੍ਹਾਂ ਨੂੰ ਇਸ ਟੂਰਨਾਮੈਂਟ ਵਿਚ ਪਹੁੰਚਣ ਲਈ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ ਗਈ। ਇਸ ਤਰ੍ਹਾ ਨਾਲ ਹੀ ਬੰਤ ਨਿੱਝਰ, ਕਰਮਜੀਤ ਸੁੰਨੜ ਅਤੇ ਦਲਜੀਤ ਸਹੋਤਾ ਵਲੋਂ ਵੀ ਖਾਸ ਤੌਰ 'ਤੇ ਦੱਸਿਆ ਗਿਆ ਕਿ ਜਿੰਨੇ ਵੀ ਐੱਨ.ਆਰ.ਆਈਜ਼ ਉੱਥੇ ਪੰਜਾਬ ਗਏ ਹਨ ਇਸ ਟੂਰਨਾਮੈਂਟ ਵਿਚ ਪਹੁੰਚਣਗੇ ਉਨ੍ਹਾਂ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣਗੇ ਤਾਂ ਜੋ ਉਹ ਪੰਜਾਬ ਦੀ ਧਰਤੀ 'ਤੇ ਕਬੱਡੀ ਖੇਡ ਦਾ ਆਨੰਦ ਮਾਣ ਸਕਣ।

NOW HIRING !!! ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE 647.990.3205
KSG Pest Control Inc. Residential, Commercial
www.ksgpestcontrol.ca ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL 416 938 4598

Locations: Woodbridge, Mississauga, Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੋਹਾਡੀ ਸੇਵਾ ਵਿਚ
ਇੰਮਿਗਰੇਸ਼ਨ ਸੇਵਾਵਾਂ 10-20% Discount
iccrc Raj Narang Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅਜੱ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
2700 Northpark Drive Unit #19, Brampton Ontario L6S 0E9
North Park & Airport Major Intersection
www.dubaijewellers.ca info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types, Walkie pallet Low Lift, Electric Motor Narrow Aisle Reach, Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
$25/mo.
1 Promenade Circle, Thornhill
379 Main St. North, Brampton
2456 Lake Shore Blvd West, Etobicoke
chatr AUTHORIZED DEALER
Offer subject to change without notice. Get up to 500MB of data on the Talk, Text and Data Plan. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2022

# ਕੈਨੇਡੀਅਨ ਇਮੀਗ੍ਰੇਸ਼ਨ ਸਿਸਟਮ ਦੇ ਆਧੁਨਿਕੀਕਰਨ ਲਈ ਪੂਰਾ ਜ਼ੋਰ ਲਾ ਰਹੀ ਹੈ ਲਿਬਰਲ ਸਰਕਾਰ : ਰੂਬੀ ਸਹੋਤਾ

ਓਟਵਾ, 1 ਫਰਵਰੀ ਪੋਸਟ ਬਿਊਰੋ) : ਸਾਡੀ ਲਿਬਰਲ ਸਰਕਾਰ ਕੈਨੇਡੀਅਨ ਇਮੀਗ੍ਰੇਸ਼ਨ ਸਿਸਟਮ ਦਾ ਆਧੁਨਿਕੀਕਰਨ ਕਰਨ ਲਈ ਜ਼ੋਰ ਲਾ ਰਹੀ ਹੈ। ਇਹ ਗੱਲ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਨੇ ਆਖੀ।

ਬਰੈਂਪਟਨ ਨੌਰਥ ਤੋਂ ਮੈਂਬਰ ਪਾਰਲੀਆਮੈਂਟ ਰੂਬੀ ਸਹੋਤਾ ਵੱਲੋਂ ਇਮੀਗ੍ਰੇਸ਼ਨ, ਰਫਿਊਜੀ ਤੇ ਸਿਟੀਜ਼ਨਸ਼ਿਪ ਕੈਨੇਡਾ ਲਈ ਤੇਜ਼ ਪ੍ਰੋਸੈਸਿੰਗ ਟਾਈਮ ਤੇ ਕਲਾਇੰਟ ਨੂੰ ਦਿੱਤੇ ਜਾਣ ਵਾਲੇ ਬਿਹਤਰ ਸਹਿਯੋਗ ਦੀ ਪੈਰਵੀ ਕੀਤੀ ਜਾ ਰਹੀ ਹੈ।ਸਹੋਤਾ ਨੇ ਆਖਿਆ ਕਿ ਇਮੀਗ੍ਰੇਸ਼ਨ ਕੈਨੇਡੀਅਨ ਅਰਥਚਾਰੇ ਦਾ ਇੰਜਣ ਹੈ, ਇਹ ਲੇਬਰ ਦੀ ਘਾਟ ਨੂੰ ਖ਼ਤਮ ਕਰਨ ਤੇ ਸਾਡੀਆਂ ਕਮਿਊਨਿਟੀਜ਼ ਨੂੰ ਪੱਲਰਣ ਵਿੱਚ ਮਦਦ ਕਰਦੀ ਹੈ। ਉਨ੍ਹਾਂ ਆਖਿਆ ਕਿ ਭਾਵੇਂ ਇੱਕਲੇ ਸਾਲ 2021 ਵਿੱਚ ਹੀ ਕੈਨੇਡਾ ਵੱਲੋਂ ਵੱਡੀ ਗਿਣਤੀ ਵਿੱਚ ਪਰਮਾਨੈਂਟ ਰੈਜ਼ੀਡੈਂਟਸ ਦਾ ਸਵਾਗਤ ਕੀਤਾ ਗਿਆ ਪਰ ਸਰਹੱਦੀ ਪਾਬੰਦੀਆਂ ਤੇ ਮਹਾਂਮਾਰੀ ਨਾਲ ਸਬੰਧਤ ਕਾਰਕਾਂ ਨੇ ਕਈ ਬਿਨੈਕਾਰਾਂ ਲਈ ਦੇਰ ਕੀਤੀ ਤੇ ਉਨ੍ਹਾਂ ਦੀਆਂ ਅਰਜ਼ੀਆਂ ਸਬੰਧੀ ਉਡੀਕ ਦੇ ਸਮੇਂ ਵਿੱਚ ਵਾਧਾ ਕੀਤਾ।



ਸਹੋਤਾ ਨੇ ਆਖਿਆ ਕਿ ਅੱਜ ਸਾਡੇ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਵੱਲੋਂ ਕਲਾਇੰਟਸ ਦੇ ਤਜਰਬੇ ਵਿੱਚ ਸੁਧਾਰ ਕਰਨ ਤੇ ਇਮੀਗ੍ਰੇਸ਼ਨ ਸਿਸਟਮ ਨੂੰ ਆਧੁਨਿਕ ਰੰਗਤ ਦੇਣ ਦਾ ਐਲਾਨ ਕੀਤਾ ਗਿਆ। ਇਹ ਮਾਪਦੰਡ ਸਾਡੇ ਕਲਾਇੰਟਸ ਨੂੰ ਦਰਪੇਸ਼ ਸਮੱਸਿਆਵਾਂ ਨੂੰ ਧਿਆਨ ਵਿੱਚ ਰੱਖਕੇ ਪੇਸ਼ ਕੀਤੇ ਗਏ ਹਨ।ਇਨ੍ਹਾਂ ਰਾਹੀਂ ਪ੍ਰੋਸੈਸਿੰਗ ਸਿਸਟਮ ਵਿੱਚ ਵੀ ਸੁਧਾਰ ਕੀਤਾ ਜਾਵੇਗਾ।ਉਨ੍ਹਾਂ ਆਖਿਆ ਕਿ ਮਹਾਂਮਾਰੀ ਕਾਰਨ ਸਾਡੇ ਕਈ ਹੁਨਰਮੰਦ ਤੇ ਸਕਿੱਲਡ ਨਿਊਕਮਰਜ਼ ਨੂੰ ਲੰਮੀ ਓਡੀਕ ਕਰਨੀ ਪਈ।ਇਕਨੌਮਿਕ ਐਂਡ ਫਿਸਕਲ ਅਪਡੇਟ 2021 ਵਿੱਚ ਅਰਜ਼ੀਆਂ ਦੀ ਪ੍ਰੋਸੈਸਿੰਗ ਵਿੱਚ ਹੋਣ ਵਾਲੀ ਦੇਰ ਨੂੰ ਘਟਾਉਣ ਲਈ ਕੈਨੇਡਾ ਸਰਕਾਰ ਵੱਲੋਂ ਨਵੇਂ ਫੰਡਾਂ ਵਜੋਂ 85 ਮਿਲੀਅਨ ਡਾਲਰ ਦਾ ਪ੍ਰਸਤਾਵ ਰੱਖਿਆ ਗਿਆ ਹੈ।

ਉਨ੍ਹਾਂ ਆਖਿਆ ਕਿ ਇਸ ਨਿਵੇਸ਼ ਨਾਲ ਵਾਧੂ ਸਟਾਫ ਦੀ ਮਦਦ ਲਈ ਜਾ ਸਕੇਗੀ, ਜਿਸ ਨਾਲ ਅਸੀਂ ਉਨ੍ਹਾਂ ਲੋਕਾਂ ਦਾ ਸਵਾਗਤ ਕਰ ਸਕਾਂਗੇ ਜਿਹੜੇ ਸਾਡੀ ਲੇਬਰ ਸਬੰਧੀ ਘਾਟ ਨੂੰ ਖਤਮ ਕਰਨ ਲਈ ਕੈਨੇਡਾ ਆਉਣਾ ਚਾਹੁੰਦੇ ਹਨ ਤੇ ਸਟੱਡੀ ਪਰਮਿਟਸ, ਵਰਕ ਪਰਮਿਟਸ ਤੇ ਪਰਮਾਨੈਂਟ ਕਾਰਡ ਰਨਿਊਲਜ਼ ਸਮੇਤ ਕਈ ਹੋਰ ਪ੍ਰੋਗਰਾਮਾਂ ਰਾਹੀਂ ਇੱਧਰ ਆਉਣ ਦੇ ਚਾਹਵਾਨ ਹਨ। ਅਸੀਂ ਵਿਜ਼ੀਟਰ ਵੀਜ਼ਾ ਤੇ ਨਾਗਰਿਕਤਾ ਦੇ ਸਬੂਤ ਲਈ ਪ੍ਰੋਸੈਸਿੰਗ ਟਾਈਮ ਵਿੱਚ ਵੀ ਕਮੀ ਲਿਆਉਣ ਲਈ ਕੰਮ ਕਰ ਰਹੇ ਹਾਂ।

ਉਨ੍ਹਾਂ ਆਖਿਆ ਕਿ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਪਹਿਲਾਂ ਹੀ ਉਡੀਕ ਟਾਈਮ ਨੂੰ ਘਟਾਉਣ ਲਈ 500 ਨਵਾਂ ਪ੍ਰੋਸੈਸਿੰਗ ਸਟਾਫ ਭਰਤੀ ਕਰ ਚੁੱਕੀ ਹੈ, ਅਰਜ਼ੀਆਂ ਨੂੰ ਡਿਜਿਟਲਾਈਜ਼ ਕੀਤਾ ਜਾ ਰਿਹਾ ਹੈ ਤੇ ਦੁਨੀਆ ਭਰ ਵਿੱਚ ਮੌਜੂਦ ਸਾਡੇ ਆਫਿਸਿਜ਼ ਵਿੱਚ ਕੰਮ ਵੰਡਿਆਂ ਜਾ ਰਿਹਾ ਹੈ।ਇਹ ਵੀ ਵੇਖਣ ਵਿੱਚ ਆਇਆ ਹੈ ਕਿ ਵਿਜ਼ੀਟਰ ਵੀਜ਼ਾ ਲਈ ਰੂਟੀਨ ਫਾਈਲਜ਼ ਦਾ 87 ਫੀ ਸਦੀ ਵਧੇਰੇ ਤੇਜ਼ੀ ਨਾਲ ਮੁਲਾਂਕਣ ਕੀਤਾ ਜਾਂਦਾ ਹੈ। ਉਨ੍ਹਾਂ ਆਖਿਆ ਕਿ ਅਸੀਂ 2022 ਦੀ ਪਹਿਲੀ ਤਿਮਾਹੀ ਵਿੱਚ 147,000 ਪਰਮਾਨੈਂਟ ਰੈਜ਼ੀਡੈਂਸ ਸਬੰਧੀ ਅਰਜ਼ੀਆਂ ਉੱਤੇ ਫਾਈਨਲ ਮੋਹਰ ਲਾਉਣ ਦਾ ਟੀਚਾ ਮਿਥ ਕੇ ਚੱਲ ਰਹੇ ਹਾਂ। 2022 ਦੀਆਂ ਗਰਮੀਆਂ ਵਿੱਚ ਵਧੇਰੇ ਕਲਾਇੰਟਸ ਨੂੰ ਨਾਲ ਜੋੜਨ ਲਈ ਅਸੀਂ ਡਿਜੀਟਲ ਐਪਲੀਕੇਸ਼ਨ ਪੋਰਟਲ ਦਾ ਪਸਾਰ ਕਰਾਂਗੇ।

ਇਸ ਤੋਂ ਇਲਾਵਾ ਸਪਾਊਸਿਜ਼ ਤੇ ਡਿਪੈਂਡੈਂਟਸ ਲਈ ਅਸੀਂ ਫਰਵਰੀ 2022 ਵਿੱਚ ਨਵਾਂ ਪਰਮਾਨੈਂਟ ਰੈਜ਼ੀਡੈਂਸ ਐਪਲੀਕੇਸ਼ਨ ਟਰੈਕਰ ਵੀ ਪੇਸ਼ ਕਰਨ ਜਾ ਰਹੇ ਹਾਂ। ਇਸ ਤੋਂ ਇਲਾਵਾ ਨਾਗਰਿਕਤਾ ਸਬੰਧੀ ਸੰਹੁ ਚੁੱਕਣ ਦੀ ਪ੍ਰਕਿਰਿਆ ਵੀ ਮਹਾਂਮਾਰੀ ਕਾਰਨ ਸਾਡੇ ਵੱਲੋਂ ਬਹੁਤਾ ਕਰਕੇ ਵਰਚੂਅਲੀ ਹੀ ਨਿਭਾਈ ਜਾ ਰਹੀ ਹੈ।

# ਕੂਟਸ ਵਿੱਚ ਲਾਏ ਜਾਮ ਨੂੰ ਹਟਾਉਣ ਲਈ ਆਰਸੀਐਮਪੀ ਕਰ ਰਹੀ ਹੈ ਤਿਆਰੀ

ਕੂਟਸ, ਅਲਬਰਟਾ, 1 ਫਰਵਰੀ (ਪੋਸਟ ਬਿਊਰੋ) : ਦੱਖਣੀ ਅਲਬਰਟਾ ਵਿੱਚ ਅਮਰੀਕਾ ਦੀ ਸਰਹੱਦ ਨੇੜੇ ਟਰੱਕਾਂ ਵੱਲੋਂ ਲਾਇਆ ਗਿਆ ਜਾਮ ਚੌਥੇ ਦਿਨ ਵਿੱਚ ਦਾਖਲ ਹੋ ਗਿਆ ਹੈ।



ਜ਼ਿਕਰਯੋਗ ਹੈ ਕਿ ਕੋਵਿਡ-19 ਪਾਬੰਦੀਆਂ ਦੇ ਖਿਲਾਫ ਸ਼ਨਿੱਚਰਵਾਰ ਤੋਂ ਹੀ ਕਮਰਸ਼ੀਅਲ ਟਰੱਕਸ, ਗੱਡੀਆਂ ਤੇ ਕੈਂਪਰ ਵੈਨਜ਼ ਦਾ ਕਾਫਲਾ ਕੂਟਸ ਬਾਰਡਰ ਉੱਤੇ ਹਾਈਵੇਅ ਨੂੰ ਰੋਕ ਕੇ ਬੈਠਾ ਹੈ। ਬੀਤੀ ਰਾਤ ਇੱਕ ਬਿਆਨ ਜਾਰੀ ਕਰਕੇ ਮਾਊਂਟੀਜ਼ ਨੇ ਆਖਿਆ ਕਿ ਉਨ੍ਹਾਂ ਸੋਚਿਆ ਸੀ ਕਿ ਇਸ ਮਸਲੇ ਨੂੰ ਹੱਲ ਕਰਨ ਦਾ ਕੋਈ ਰਾਹ ਜ਼ਰੂਰ ਹੋਵੇਗਾ ਪਰ ਮੁਜ਼ਾਹਰਾਕਾਰੀਆਂ ਨੇ ਸਹਿਯੋਗ ਨਾ ਕਰਨ ਦੀ ਸੰਹੁ ਪਾ ਲਈ ਹੈ।

ਉਨ੍ਹਾਂ ਆਖਿਆ ਕਿ ਹੁਣ ਇਹ ਮੁਜ਼ਾਹਰੇ ਕਾਨੂੰਨ ਦੇ ਦਾਇਰੇ ਵਿੱਚ ਨਹੀਂ ਰਹਿ ਗਏ ਹਨ ਤੇ ਹੁਣ ਗ੍ਰਿਫਤਾਰੀਆਂ ਲਈ ਤੇ ਗੱਡੀਆਂ ਨੂੰ ਟੋਅ ਕਰਕੇ ਲਿਜਾਣ ਲਈ ਸਰੋਤਾਂ ਨੂੰ ਕਾਇਮ ਕਰ ਦਿੱਤਾ ਗਿਆ ਹੈ। ਕੁੱਝ ਮੁਜ਼ਾਹਰਾਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਇਹ ਥਾਂ ਛੱਡ ਕੇ ਜਾਣ ਦੀ ਕੋਈ ਯੋਜਨਾ ਨਹੀਂ ਹੈ। ਕੂਟਸ ਦੇ ਮੇਅਰ ਜਿੰਮ ਵਿਲੇ ਨੇ ਆਖਿਆ ਕਿ ਉਹ ਚਾਹੁੰਦੇ ਹਨ ਕਿ ਇਹ ਮੁਜ਼ਾਹਰਾਕਾਰੀ ਮੁੜ ਜਾਣ।ਉਨ੍ਹਾਂ ਆਖਿਆ ਕਿ ਸਾਡੀ ਕਮਿਊਨਿਟੀ ਤੱਕ ਡਾਕ ਨਹੀਂ ਪਹੁੰਚ ਰਹੀ ਤੇ ਬੱਚੇ ਵੀ ਆਪਣੇ ਸਕੂਲ ਨਹੀਂ ਜਾ ਪਾ ਰਹੇ।

ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ ਨੇ ਆਖਿਆ ਕਿ ਪ੍ਰੋਵਿੰਸ਼ੀਅਲ ਕਾਨੂੰਨ ਨੂੰ ਲਾਗੂ ਕਰਨਾ ਲੋਕਲ ਅਧਿਕਾਰੀਆਂ ਦੇ ਹੱਥ ਹੈ।ਜ਼ਿਕਰਯੋਗ ਹੈ ਕਿ ਪਿਛਲੇ ਸਾਲ ਪਾਸ ਕੀਤੇ ਗਏ ਕਾਨੂੰਨ ਅਨੁਸਾਰ ਹਾਈਵੇਅਜ਼ ਨੂੰ ਬੰਦ ਕਰਨ ਤੇ ਹੋਰ ਇਨਫਰਾਸਟ੍ਰਕਚਰ ਨੂੰ ਨੁਕਸਾਨ ਪਹੁੰਚਾਉਣ ਲਈ ਮੁਜ਼ਾਹਰਾਕਾਰੀਆਂ ਖਿਲਾਫ ਵਾਧੂ ਜੁਰਮਾਨੇ ਲਾਉਣ ਦੀ ਤਜਵੀਜ਼ ਰੱਖੀ ਗਈ ਸੀ।

# ਸਕੂਲ ਦੇ ਬਾਹਰ ਚਲਾਈ ਗੋਲੀ ਵਿੱਚ 1 ਵਿਦਿਆਰਥੀ ਹਲਾਕ, ਇੱਕ ਜ਼ਖ਼ਮੀ




ਰਿਚਫੀਲਡ,ਮਿਨੀਸੋਟਾ, 1 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਦੁਪਹਿਰ ਨੂੰ ਮਿਨੀਆਪੋਲਿਸ ਦੇ ਸਬਅਰਬਨ ਸਕੂਲ ਦੀ ਸਾਹਮਣੇ ਵਾਲੀ ਐਂਟਰੈਂਸ ਨੇੜੇ ਚੱਲੀ ਗੋਲੀ ਕਾਰਨ ਇੱਕ ਵਿਦਿਆਰਥੀ ਦੀ ਮੌਤ ਹੋ ਗਈ ਤੇ ਇੱਕ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਚੀਫ ਜੇਅ ਹੈਨਥੌਰਨ ਨੇ ਆਖਿਆ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਰਿਚਫੀਲਡ ਵਿੱਚ ਸਾਊਥ ਐਜੂਕੇਸ਼ਨ ਸੈਂਟਰ ਦੇ ਬਾਹਰ ਗੋਲੀ ਮਾਰੀ ਗਈ। ਇਸ ਘਟਨਾ ਵਿੱਚ ਜਿਊਂਦੇ ਬਚੇ ਵਿਦਿਆਰਥੀ ਦੀ ਹਾਲਤ ਨਾਜ਼ੁਕ ਹੈ ਤੇ ਉਹ ਲੋਕਲ ਹਸਪਤਾਲ ਵਿੱਚ ਦਾਖਲ ਹੈ। ਹੈਨਥੌਰਨ ਨੇ ਆਖਿਆ ਕਿ ਮਸ਼ਕੂਕ ਮੌਕੇ ਤੋਂ ਫਰਾਰ ਹੋ ਗਏ ਤੇ ਪੁਲਿਸ ਵੱਲੋਂ ਉਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

ਫੈਮਿਲੀ ਫਰੈਂਡ ਦਾਮਿਕ ਬ੍ਰਾਇੰਟ ਨੇ ਮ੍ਰਿਤਕ ਵਿਦਿਆਰਥੀ ਦੀ ਪਛਾਣ ਜਮਾਰੀ ਰਾਈਸ ਵਜੋਂ ਕੀਤੀ।

# ਆਦਮਪੁਰ ਸੀਟ ਬਾਰੇ ਖਿੱਚੋਤਾਣ, ਮਹਿੰਦਰ ਕੇ ਪੀ ਕਾਗਜ਼ ਭਰੇ ਬਿਨਾਂ ਘਰ ਪਰਤੇ

## * ਕਾਂਗਰਸ ਨੇ ਮੇਰੀ ਪਿੱਠ ਵਿੱਚ ਛੁਰਾ ਮਾਰਿਐ: ਕੇ ਪੀ

ਜਲੰਧਰ, 1 ਫਰਵਰੀ, (ਪੋਸਟ ਬਿਊਰੋ)- ਆਦਮਪੁਰ ਵਿਧਾਨ ਸਭਾ ਹਲਕੇ ਬਾਰੇ ਕਾਂਗਰਸ ਵਿੱਚ ਚੱਲਦੀ ਖਿੱਚੋਤਾਣ ਦੇ ਬਾਅਦ ਇਸ ਹਲਕੇ ਤੋਂ ਸੁਖਵਿੰਦਰ ਸਿੰਘ ਕੋਟਲੀ ਕਾਂਗਰਸ ਉਮੀਦਵਾਰ ਹੋਣਗੇ।ਉਨ੍ਹਾ ਨੇ ਕਾਂਗਰਸ ਉਮੀਦਵਾਰ ਵਜੋਂ ਕਾਗਜ਼ ਭਰਦਿੱਤੇ ਹਨ। ਇਥੇ ਕਾਂਗਰਸ ਨੇ ਸੁਖਵਿੰਦਰ ਸਿੰਘ ਕੋਟਲੀ ਨੂੰ ਉਮੀਦਵਾਰ ਐਲਾਨਿਆ ਤੇਸਾਬਕਾ ਮੰਤਰੀ ਮਹਿੰਦਰ ਸਿੰਘ ਕੇ ਪੀ ਇਥੇ ਦਾਅਵਾ ਜਤਾ ਰਹੇ ਸਨ। ਉਹ ਬਕਾਇਦਾ ਕਾਂਗਰਸ ਵੱਲੋਂ ਕਾਗਜ਼ ਦਾਖਲ ਕਰਨ ਵੀ ਪਹੁੰਚ ਗਏ, ਪਰ ਫਿਰ ਕਾਗਜ਼ ਭਰੇ ਬਿਨਾਂ ਘਰ ਪਰਤ ਗਏ।

ਮਹਿੰਦਰ ਸਿੰਘ ਨੇ ਕਿਹਾ ਕਿ ਉਹ ਕਾਂਗਰਸ ਵੱਲੋਂ ਕਾਗਜ਼ ਭਰਨ ਗਏ ਸਨ, ਪਰ ਉਨ੍ਹਾਂ ਕੋਲ ਪਾਰਟੀ ਦਾ ਲੈਟਰ ਨਹੀਂ ਸੀ, ਇਸ ਲਈ ਕਾਗਜ਼ ਨਹੀਂ ਭਰ ਸਕੇ ਤੇ ਵਾਪਸ ਆ ਗਏ। ਉਨ੍ਹਾਂ ਕਿਹਾ ਕਿ ਜੇ ਮੈਂ ਆਜ਼ਾਦ ਉਮੀਦਵਾਰ ਵਜੋਂ ਫਾਰਨ ਭਰਨ ਦੀ ਮਨਸ਼ਾ ਨਾਲ ਗਿਆ ਹੁੰਦਾ ਤਾਂ ਭਰ ਕੇ ਆਉਣਾ ਸੀ। ਉਨ੍ਹਾ ਕਿਹਾ ਕਿ ‘ਕਾਂਗਰਸ ਨੇ ਮੈਨੂੰ ਬਹੁਤ ਬੁਰੀ ਤਰ੍ਹਾਂ ਜਲੀਲ ਕੀਤਾ ਹੈ। ਮੈਂ ਉਮੀਦਵਾਰ ਨਹੀਂ ਰਿਹਾ, ਪਰ ਉਮੀਦਵਾਰ ਦੇ ਖਿਲਾਫ ਡੱਟਾਂਗਾ।’ ਮਹਿੰਦਰ ਸਿੰਘ ਕੇ ਪੀ ਨੇ ਕਿਹਾ ਕਿ ਮੈਂ ਜਲਦੀ ਹੀ ਪ੍ਰੈੱਸ ਕਾਨਫਰੰਸ ਕਰਕੇ ਦੁੱਖ ਸਾਂਝਾ ਕਰਾਂਗਾ ਅਤੇ ਦੱਸਾਂਗਾ ਕਿ ਕਿੱਦਾਂ ਕਾਂਗਰਸ ਨੇ ਮੇਰੀ ਪਿਠ ਵਿੱਚ ਛੁਰਾ ਮਾਰਿਆ ਹੈ। ਉਨ੍ਹਾ ਕਿਹਾ ਕਿ ‘ਕਾਂਗਰਸ ਨੇ ਇੱਕ ਭਲੇਮਾਣਸ ਨੂੰ ਬੇਇੱਜ਼ਤ ਕੀਤਾ ਹੈ। ਪਾਰਟੀ ਨਹੀਂ ਚਾਹੁੰਦੀ ਕਿ ਪੰਜਾਬ ਵਿਚ ਦੋਬਾਰਾ ਕਾਂਗਰਸ ਦੀ ਸਰਕਾਰ ਬਣੇ। ਮੇਰੇ ਨਾਲ 2014 ਤੋਂ ਧੱਕਾ ਹੋ ਰਿਹਾ ਹੈ। ਮੇਰੇ ਵਰਗੇ ਕੱਦਾਵਾਰ ਆਗੂ ਨਾਲ ਅਜਿਹਾ ਕੀਤਾ ਹੈ ਤਾਂ ਵਰਕਰ ਦਾ ਕੀ ਹੋਵੇਗਾ। ਕਾਂਗਰਸ ਉਹ ਨਹੀਂ ਰਹੀ, ਜਿਹੜੀ ਹੁੰਦੀ ਸੀ। ਜਿਹੜੇ ਰੇਤਾ ਵੇਚਦੇ ਤੇ ਤਸਕਰੀ ਕਰਦੇ ਹਨ, ਉਨ੍ਹਾਂ ਨੂੰ ਕਾਂਗਰਸ ਨੇ ਟਿਕਟਾਂ ਦਿੱਤੀਆਂ ਹਨ।’

ਇਸ ਤੋਂ ਪਹਿਲਾਂ ਮਹਿੰਦਰ ਸਿੰਘ ਕੇਪੀ ਵੱਲੋਂ ਲਗਾਤਾਰ ਸੰਕੇਤ ਮਿਲਦੇ ਸਨ ਕਿ ਟਿਕਟ ਉਨ੍ਹਾਂ ਨੂੰ ਹੀ ਮਿਲੇਗੀ। ਇਸੇ ਲਈ ਸੁਖਵਿੰਦਰ ਸਿੰਘ ਕੋਟਲੀ ਨੇ ਵੀ ਕਾਗਜ਼ ਨਹੀਂ ਸਨ ਭਰੇ, ਪਰ ਕਾਂਗਰਸ ‘ਸੱਪ ਵੀ ਮਰ ਜਾਵੇ ਤੇ ਲਾਠੀ ਵੀ ਨਾ ਟੁੱਟੇ’ ਵਾਲੀ ਨੀਤੀ ਉੱਤੇ ਚੱਲਦੀ ਰਹੀ ਅਤੇ ਕੇਪੀ ਨੂੰ ਜਲੰਧਰ ਕੈਂਟ ਤੋਂ ਚੋਣ ਲੜਨ ਤੋਂ ਵੀ ਰੋਕ ਦਿੱਤਾ ਤੇ ਕੋਟਲੀ ਦੀ ਟਿਕਟ ਵੀ ਨਹੀਂ ਕੱਟੀ। ਜਲੰਧਰ ਕੈਂਟ ਹਲਕੇ ਦੇ ਵਿਧਾਇਕ ਪਰਗਟ ਸਿੰਘ ਨੂੰ ਕਾਂਗਰਸ ਦੀ ਇਸ ਰਣਨੀਤੀ ਕਾਰਨ ਰਾਹਤ ਮਿਲੀ ਤੇ ਜਲੰਧਰ ਦੇ ਪਾਰਲੀਮੈਂਟ ਮੈਂਬਰ ਚੌਧਰੀ ਸੰਤੋਖ ਸਿੰਘ ਦੀ ਮੁਸ਼ਕਲ ਵੀ ਦੂਰ ਹੋ ਗਈ ਹੈ। ਕਾਂਗਰਸ ਨੂੰ ਚਿੰਤਾ ਸੀ ਕਿ ਮਹਿੰਦਰ ਸਿੰਘ ਕੇਪੀ ਨੂੰ ਇਨਕਾਰ ਕੀਤਾ ਤਾਂ ਉਹ ਜਲੰਧਰ ਛਾਉਣੀ ਤੋਂ ਕਾਗਜ਼ ਭਰ ਸਕਦਾ ਹੈ, ਜਿੱਥੋਂ ਕੈਬਨਿਟ ਮੰਤਰੀ ਪਰਗਟ ਸਿੰਘ ਚੋਣ ਲੜ ਰਹੇ ਹਨ। ਪਰਗਟ ਸਿੰਘ ਚਾਹੁੰਦੇ ਸਨ ਕਿ ਕੇਪੀ ਨੂੰ ਆਦਮਪੁਰ ਤੋਂ ਟਿਕਟ ਦਿੱਤੀ ਜਾਵੇ, ਪਰ ਜਲੰਧਰ ਦੇ ਪਾਰਲੀਮੈਂਟ ਮੈਂਬਰ ਚੌਧਰੀ ਸੰਤੋਖ ਸਿੰਘ ਨੇ ਜ਼ੋਰ ਦਿੱਤਾ ਕਿ ਸੁਖਵਿੰਦਰ ਸਿੰਘ ਕੋਟਲੀ ਦੀ ਟਿਕਟ ਨਹੀਂ ਕੱਟਣੀ ਚਾਹੀਦੀ, ਕਿਉਂਕਿ ਚੌਧਰੀ ਸੰਤੋਖ ਦਾ ਪੁੱਤਰ ਵਿਕਰਮਜੀਤ ਸਿੰਘ ਚੌਧਰੀ ਫਿਲੌਰ ਤੋਂ ਪਾਰਟੀ ਦਾ ਉਮੀਦਵਾਰ ਸੀ, ਜਿਸ ਕਾਰਨ ਪ੍ਰੇਸ਼ਾਨੀ ਵਧ ਰਹੀ ਸੀ। ਚੌਧਰੀ ਬੀਤੇ ਦਿਨੀਂ ਕਈ ਬਸਪਾ ਨੇਤਾਵਾਂ ਨੂੰ ਕਾਂਗਰਸ ਵਿੱਚ ਸ਼ਾਮਲ ਕਰਵਾ ਚੁੱਕੇ ਹਨਅਤੇ ਸੁਖਵਿੰਦਰ ਕੋਟਲੀ ਵੀ ਬਸਪਾ ਛੱਡ ਕੇ ਕਾਂਗਰਸ ਵਿੱਚ ਆਏ ਹਨ।ਉਨ੍ਹਾਂ ਦੇ ਸਮੱਰਥਕਾਂ ਨੇ ਚੌਧਰੀ ਸੰਤੋਖ ਨੂੰ ਕਿਹਾ ਸੀ ਕਿ ਜੇ ਕੋਟਲੀ ਦੀ ਟਿਕਟ ਕੱਟੀ ਤਾਂ ਉਹ ਨਾਲ ਨਹੀਂ ਤੁਰਨਗੇ।

ਇਸ ਦੌਰਾਨ ਅੱਜ ਪਾਰਲੀਮੈਂਟ ਮੈਂਬਰ ਜਸਬੀਰ ਸਿੰਘ ਡਿੰਪਾ ਗਿੱਲ ਦੇ ਭਰਾ ਹਰਪਿੰਦਰ ਸਿੰਘ ਰਾਜਨ ਗਿੱਲ ਨੇ ਵਿਧਾਨ ਸਭਾ ਚੋਣ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਉਮੀਦਵਾਰ ਵਜੋਂ ਨਾਮਜ਼ਦਗੀ ਕਾਗਜ਼ ਭਰ ਦਿੱਤੇ ਹਨ।ਵਰਨਣ ਯੋਗ ਹੈ ਕਿ ਖਡੂਰ ਸਾਹਿਬ ਹਲਕੇ ਤੋਂ ਕਾਂਗਰਸ ਨੇ ਰਮਨਜੀਤ ਸਿੰਘ ਸਿੱਕੀ ਨੂੰ ਟਿਕਟ ਦਿੱਤੀ ਹੋਈ ਹੈ ਤੇ ਬੀਤੇ ਦਿਨੀਂ ਰਮਨਜੀਤ ਸਿੰਘ ਸਿੱਕੀ ਨੇ ਆਪਣੇ ਨਾਮਜ਼ਦਗੀ ਪੱਤਰ ਕਾਂਗਰਸ ਵਲੋਂ ਪੇਸ਼ ਕਰ ਦਿੱਤ ਸਨ, ਪਰ ਅੱਜ ਡਿੰਪਾ ਦੇ ਭਰਾ ਨੇ ਵੀ ਕਾਂਗਰਸ ਵੱਲੋਂ ਕਾਗ਼ਜ਼ ਭਰ ਦਿੱਤੇ ਤਾਂ ਸਥਿਤੀ ਭੰਬਲਭੂਸੇ ਵਾਲੀ ਬਣ ਗਈ ਹੈ।

# ‘ਸਾਡਾ ਚੰਨੀ’ ਲਿਖੇ ਟਰੈਕ ਸੂਟਾਂ ਦੇ ਦੋ ਟਰੱਕ ਫੜੇ, ਕਾਂਗਰਸ ਵਿਰੁੱਧ ਬਾਕੀ ਧਿਰਾਂ ਦਾ ਹੰਗਾਮਾ

ਜਲੰਧਰ, 1 ਫਰਵਰੀ, (ਪੋਸਟ ਬਿਊਰੋ)- ਕਾਂਗਰਸ ਦੀ ਚੋਣ ਸਮਗਰੀਲਈ ਬਣਵਾਏ ਗਏ ਟਰੈਕ ਸੂਟਾਂ ਨਾਲ ਭਰੇ ਦੋ ਟਰੱਕਅੱਜ ਆਮ ਆਦਮੀ ਪਾਰਟੀ ਨੇ ਘੇਰ ਲਏ ਤੇ ਹੰਗਾਮਾ ਕਰ ਦਿੱਤਾ।ਆਮ ਆਦਮੀ ਪਾਰਟੀ ਦੇਆਗੂਆਂ ਦਾ ਦੋਸ਼ ਹੈ ਕਿ ਇਹ ਟਰੈਕ ਸੂਟ ਵੋਟਰਾਂ ਨੂੰ ਵੰਡਣ ਲਈ ਮੰਗਵਾਏ ਸਨ। ਇਨ੍ਹਾਂ ਉੱਤੇ ‘ਸਾਡਾ ਚੰਨੀ’ ਲਿਖਿਆ ਹੈ।

ਅੱਜ ਦੁਪਹਿਰ 12 ਵਜੇ ਪੀਪੀਆਰ ਮਾਲ ਤੋਂ ਇਨੋਸੈਂਟ ਸਕੂਲ ਦੀ 120 ਫੁੱਟ ਰੋਡ ਉੱਤੇ ਵਿਨੇ ਮੰਦਰ ਮੂਹਰੇ ਦੋ ਵੱਡੇ ਟਰੱਕਾਂ ਵਿੱਚ ਲੱਦੇ ਟਰੈਕ ਸੂਟ ਛੋਟੇ ਟੈਂਪੋ ਉੱਤੇ ਲੋਡ ਕੀਤੇ ਜਾ ਰਹੇ ਸਨ।ਉਸੇ ਸਮੇਂ ਜਲੰਧਰ ਵੈਸਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ੀਤਲ ਅੰਗੁਰਾਲ ਉੱਥੋਂ ਜਾ ਰਹੇ ਸਨ ਅਤੇ ‘ਸਾਡਾ ਚੰਨੀ’ ਲਿਖੇ ਟਰੈਕ ਸੂਟ ਦੇਖ ਕੇ ਉਨ੍ਹਾਂ ਨੇ ਗੱਡੀ ਰੋਕ ਲਈ। ਸ਼ੀਤਲ ਅੰਗੁਰਾਲ ਨੇ ਪਾਰਟੀ ਵਰਕਰਾਂ ਨੂੰ ਬੁਲਾ ਲਿਆ ਅਤੇ ਸੋਸ਼ਲ ਮੀਡੀਆ ਉੱਤੇ ਲਾਈਵ ਕਰ ਦਿੱਤਾ। ਇਸ ਦੀ ਸ਼ਿਕਾਇਤ ਥਾਣਾ 6 ਤੇ ਚੋਣ ਅਧਿਕਾਰੀ ਨੂੰ ਦਿੱਤੀ ਤਾਂ ਹੰਗਾਮਾ ਵਧਦਾ ਗਿਆ ਤੇ ਪੁਲਿਸ ਪਹੁੰਚਦੇਸਾਰ ਦੋ ਗੱਡੀਆਂ ਦੇ ਡਰਾਈਵਰ ਫ਼ਰਾਰ ਹੋ ਗਏ, ਪਰਇੱਕ ਡਰਾਈਵਰ ਨੂੰ ਪੁਲਿਸ ਨੇ ਫੜ ਲਿਆ।

ਇਸ ਮੌਕੇ ਕੈਂਟ ਹਲਕੇ ਤੋਂ ਅਕਾਲੀ ਉਮੀਦਵਾਰ ਜਗਬੀਰ ਸਿੰਘ ਬਰਾੜ, ਭਾਜਪਾ ਉਮੀਦਵਾਰ ਸਰਬਜੀਤ ਸਿੰਘ ਮੱਕੜ, ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਰਿੰਦਰ ਸਿੰਘ ਸੋਢੀ ਅਤੇ ਹੋਰ ਵੀ ਪਹੁੰਚੇਅਤੇਟਰੱਕਾਂ ਉੱਤੇ ਕਬਜ਼ਾ ਕਰ ਲਿਆ।ਇਸ ਦੌਰਾਨ ਪੁਲਿਸ ਅਫ਼ਸਰਾਂ ਨਾਲ ਤਿੱਖੀ ਬਹਿਸ ਹੋਈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਵੱਲੋਂ ਸ਼ਿਕਾਇਤ ਤੋਂ ਬਾਅਦ ਓਥੇ ਪਹੁੰਚੀ ਚੋਣ ਕਮਿਸ਼ਨ ਦੀ ਫਲਾਇੰਗ ਸਕੁਐਡ ਨੇ ਪੂਰੇ ਕੇਸਦੀ ਵੀਡੀਓਗ੍ਰਾਫੀ ਕਰਵਾਈ ਤੇ ਜਾਂਚ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ 2 ਟਰੱਕ ਤੇ ਇੱਕ ਟੈਂਪੋ ਅਤੇ ਇਨ੍ਹਾਂ ਵਿਚਲਾ ਸਮਾਨ ਥਾਣਾ ਨੰਬਰ 6 ਦੀ ਪੁਲਿਸ ਦੇ ਹਵਾਲੇ ਕਰ ਦਿੱਤਾ। ਥਾਣਾ 6 ਦੇ ਮੁਖੀ ਨੇ ਕਿਹਾ ਕਿ ਇੱਕਟਰੱਕਦੇ ਡਰਾਈਵਰ ਤੋਂ ਪੁੱਛਗਿੱਛ ਚੱਲ ਰਹੀ ਹੈ।












## ਅੱਜ ਨਾਮਾ

ਨਾ ਉਹ ਲੋਅ, ਨਾ ਹਾਈਕਮਾਂਡ ਲੱਗਦੀ,
ਜਿੱਥੇਰਹਿੰਦਾ ਈ ਗਾਂਧੀ ਪਰਵਾਰ ਮੀਆਂ।
ਹਰ ਇੱਕ ਰੋਜ਼ਉਹ ਖਾ ਰਹੀ ਸੱਟ ਤਾਜ਼ੀ,
ਮੁਸ਼ਕਲ ਸਹਿਣ ਹੈ ਰਾਜਸੀ ਮਾਰ ਮੀਆਂ।
ਦੂਸਰੇ ਪਾਸੋਂ ਕੁਰਬਾਨੀ ਦੀ ਆਸ ਸਭ ਨੂੰ,
ਖੁਦ ਨਹੀਂ ਕਰਨ ਨੂੰ ਕੱਖ ਤਿਆਰ ਮੀਆਂ।
ਜਿਹੜੇ ਰਾਜ ਵਿੱਚ ਜਦੋਂ ਕੋਈ ਚੋਣ ਹੁੰਦੀ,
ਸਾਰੇ ਟਿਕਟ ਦੇ ਲਈ ਪੱਬਾਂਭਾਰ ਮੀਆਂ।
ਲੋਕਾਂ ਵਿੱਚੋਂ ਹੁੰਗਾਰਾ ਨਹੀਂ ਕਿਤੇ ਮਿਲਦਾ,
ਟਿਕਟ ਲੈਣ ਲਈ ਅਜੇ ਵੀ ਲੜਨ ਮੀਆਂ।
ਹੁੰਦੀ ਟਿਕਟ ਦੀ ਨਾਂਹ ਈ ਜਿਹੜਿਆਂ ਨੂੰ,
ਪਾਰਟੀ ਦੂਸਰੀ ਦੀ ਪਟੜੀ ਚੜ੍ਹਨ ਮੀਆਂ।

**ਤੀਸ ਮਾਰ ਖਾਂ**

# ਮਜੀਠੀਆ ਨੇ ਸਿੱਧੂ ਦੀ ਚੁਣੌਤੀ ਕਬੂਲੀ, ਸਿਰਫ ਅੰਮ੍ਰਿਤਸਰ ਪੂਰਬੀ ਤੋਂ ਚੋਣ ਲੜਨਗੇ

### * ਪੰਜਾਬ ਵਿੱਚ ਆਖਰੀ ਦਿਨ 931 ਉਮੀਦਵਾਰਾਂ ਦੇ ਨਾਮਜ਼ਦਗੀ ਪੱਤਰ ਪੇਸ਼



ਅੰਮ੍ਰਿਤਸਰ, 1 ਫਰਵਰੀ, (ਪੋਸਟ ਬਿਊਰੋ)- ਸੀਨੀਅਰ ਅਕਾਲੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਨਵਜੋਤ ਸਿੰਘ ਸਿੱਧੂ ਦੀ ਚੁਣੌਤੀ ਕਬੂਲ ਕਰਦੇ ਹੋਏ ਅੱਜ ਸਿਰਫ ਅੰਮ੍ਰਿਤਸਰ ਪੂਰਬੀਅਸੈਂਬਲੀ ਹਲਕੇ ਤੋਂ ਚੋਣ ਲੜਨ ਦਾ ਐਲਾਨ ਕੀਤਾ ਹੈ, ਜਿਸ ਨਾਲ ਇਹ ਹਲਕਾ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਅੱਜ ਕੀਤੇ ਐਲਾਨ ਮੁਤਾਬਕ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਸਿਰਫ ਅੰਮ੍ਰਿਤਸਰ ਪੂਰਬੀ ਤੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂ ਦੇ ਖਿਲਾਫ ਹੀ ਚੋਣ ਲੜਨ ਲਈ ਮੈਦਾਨ ਵਿੱਚ ਹੋਣਗੇ। ਇਸ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਭਾਵੁਕ ਹੁੰਦਿਆਂ ਆਪਣਾ ਮਜੀਠਾ ਹਲਕਾ ਛੱਡਣ ਦਾ ਐਲਾਨ ਕੀਤਾ ਤੇ ਇਸ ਦੇ ਨਾਲ ਉਸ ਹਲਕੇ ਦੇ ਲੋਕਾਂ ਦਾ ਧੰਨਵਾਦ ਕਰਦਿਆਂ ਆਸ ਕੀਤੀ ਕਿ ਉਸ ਹਲਕੇ ਦੇ ਲੋਕ ਉਸ ਨਾਲ ਜੁੜੇ ਰਹਿਣਗੇ।

ਵਰਨਣ ਯੋਗ ਹੈ ਕਿ ਬੀਤੇ ਦਿਨੀਂ ਨਵਜੋਤ ਸਿੰਘਸਿੱਧੂ ਨੇ ਮਜੀਠੀਆ ਨੂੰ ਚੁਣੌਤੀ ਦਿੰਦਿਆਂ ਕਿਹਾ ਸੀ ਕਿ ਉਹ ਇੱਕੋ ਸੀਟ ਤੋਂ ਚੋਣ ਲੜ ਕੇ ਦਿਖਾਉਣ।ਬਿਕਰਮ ਸਿੰਘ ਮਜੀਠੀਆ ਦੀ ਥਾਂ ਮਜੀਠਾ ਹਲਕੇ ਤੋਂ ਉਨ੍ਹਾਂ ਦੀ ਪਤਨੀ ਗੀਨਵ ਕੌਰ ਮਜੀਠਾ ਹਲਕੇ ਤੋਂ ਅਕਾਲੀ ਉਮੀਦਵਾਰ ਬਣਾਏ ਗਏ ਹਨ। ਗੀਨਵ ਕੌਰ ਮਜੀਠੀਆ ਨੇ ਇੱਕ ਦਿਨ ਪਹਿਲਾਂ ਜਦੋਂ ਹਲਕਾ ਮਜੀਠਾ ਤੋਂ ਨਾਮਜ਼ਦਗੀ ਪੱਤਰ ਭਰੇ ਤਾਂ ਸਾਫ਼ ਸੀ ਕਿ ਬਿਕਰਮ ਸਿੰਘ ਮਜੀਠੀਆ ਓਥੋਂ ਚੋਣ ਨਹੀਂ ਲੜਨਗੇ। ਨਾਮਜ਼ਦਗੀ ਪੱਤਰ ਭਰਨ ਪਿੱਛੋਂਗੀਨਵ ਕੌਰ ਮਜੀਠੀਆ ਨੇ ਪੱਤਰਕਾਰਾਂ ਤੋਂ ਦੂਰੀ ਰੱਖੀ ਅਤੇ ਸਵਾਲਾਂ ਦੇ ਜਵਾਬ ਦਿੱਤੇ ਬਿਨਾਂ ਚਲੇ ਗਏ ਸਨ। ਅੱਜ ਮਜੀਠੀਆ ਨੇ ਮਜੀਠਾ ਤੋਂ ਉਨ੍ਹਾਂ ਦੀ ਪਤਨੀ ਵੱਲੋਂ ਚੋਣ ਲੜਨ ਦਾ ਐਲਾਨ ਖੁਦ ਕੀਤਾ।

ਇਸ ਦੌਰਾਨ ਪੰਜਾਬ ਦੇ ਮੁੱਖ ਚੋਣ ਅਫਸਰ (ਸੀਈਓ) ਡਾ. ਐਸ ਕਰੁਣਾ ਰਾਜੂ ਨੇ ਦੱਸਿਆ ਕਿ ਐਨਕੋਰ ਸਾਫਟਵੇਅਰਦੇ ਅੰਕੜਿਆਂ ਅਨੁਸਾਰ ਆਖਰੀ ਦਿਨ ਪੰਜਾਬ ਵਿੱਚ 931 ਨਾਮਜ਼ਦਗੀ ਕਾਗਜ਼ ਪੇਸ਼ ਹੋਏ ਹਨ। ਪਹਿਲੇ ਪੰਜ ਦਿਨਾਂ ਦੌਰਾਨ 1348 ਨਾਮਜ਼ਦਗੀਆਂ ਹੋਣਨਾਲ ਪੰਜਾਬ ਵਿੱਚ ਨਾਮਜ਼ਦਗੀਆਂਦੀ ਕੁੱਲ ਗਿਣਤੀ 2279 ਹੋ ਗਈ ਹੈ।ਡਾ. ਰਾਜੂ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਮੋਬਾਈਲ ਐਪਲੀਕੇਸ਼ਨ 'ਨੋਅ ਯੂਅਰ ਕੈਂਡੀਡੇਟ' ਦੀ ਵੱਧ ਵਰਤੋਂ ਕਰਨ, ਜਿਸ ਨਾਲ ਉਹਹਰ ਉਮੀਦਵਾਰ ਦੀ ਫੋਟੋ ਅਤੇ ਉਸ ਦੇ ਸਾਰੇ ਵੇਰਵੇ ਤੇ ਅਪਰਾਧਿਕ ਪਿਛੋਕੜ ਦੀ ਜਾਣਕਾਰੀ ਲੈ ਸਕਦੇ ਹਨ। ਉਨਾਂ ਕਿਹਾ ਕਿ ਪਾਰਦਰਸ਼ੀ ਚੋਣਾਂ ਯਕੀਨੀ ਬਣਾਉਣ ਲਈ ਸਾਰੇ ਉਮੀਦਵਾਰਾਂ ਦੇ ਅਪਰਾਧੀ ਪਿਛੋਕੜ ਦਾ ਵਿਆਪਕ ਪ੍ਰਚਾਰ ਅਤੇ ਵੱਧ ਤੋਂ ਵੱਧ ਜਾਗਰੂਕਤਾ ਲਈ ਮੋਬਾਈਲ ਐਪ ਬਣਾਈ ਹੈ, ਜਿਹੜੀ ਗੂਗਲ ਪਲੇਅ ਸਟੋਰ ਅਤੇ ਐਪਲ ਐਪ ਸਟੋਰ ਤੋਂ ਡਾਊਨਲੋਡ ਕੀਤੀ ਜਾ ਸਕਦੀ ਹੈ।

ਭਾਰਤ ਦਾ ਬਜਟ ਪੇਸ਼

# ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ 80 ਲੱਖ ਲੋਕਾਂ ਨੂੰ ਪੱਕੇ ਘਰ ਮਿਲਣਗੇ

### * ਮੋਬਾਈਲ, ਜੁੱਤੀਆਂ, ਚਮੜੇ ਦਾ ਸਾਮਾਨ, ਕੱਪੜੇ ਸਸਤੇ ਹੋਣਗੇ




ਨਵੀਂ ਦਿੱਲੀ, 1 ਫਰਵਰੀ, (ਪੋਸਟ ਬਿਊਰੋ)- ਅਗਲੇ ਵਿੱਤੀ ਸਾਲ ਵਿਚ 'ਪ੍ਰਧਾਨ ਮੰਤਰੀ ਆਵਾਸ ਯੋਜਨਾ' ਦੇ ਅਧੀਨ 2022-23 ਵਿੱਚ ਸ਼ਹਿਰੀ ਤੇ ਪੇਂਡੂ ਖੇਤਰਾਂ ਵਿਚ 80 ਲੱਖ ਗਰੀਬਾਂ ਨੂੰ ਪੱਕਾ ਘਰ ਮਿਲੇਗਾ।ਸਭ ਸਹੂਲਤਾਂ ਨਾਲ ਲੈੱਸ ਇਨ੍ਹਾਂ ਪੱਕੇ ਘਰਾਂ ਲਈ ਸਰਕਾਰ ਨੇ ਬੱਜਟ ਵਿਚ 48,000 ਕਰੋੜ ਰੁਪਏ ਰੱਖੇ ਹਨ।

ਅੱਜ ਬੱਜਟ ਪੇਸ਼ ਕਰਦੇ ਵਕਤ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਕਿਹਾ ਕਿ ਸਰਕਾਰ ਨੇ ਮੱਧ ਵਰਗ ਅਤੇ ਆਰਥਿਕ ਪੱਖੋਂ ਕਮਜ਼ੋਰ ਵਰਗ ਦੇ ਲੋਕਾਂ ਨੂੰ ਸਸਤੇ ਘਰ ਦੇਣ ਲਈ ਰਾਜ ਸਰਕਾਰਾਂ ਨਾਲ ਮਿਲ ਕੇ ਇਹ ਕੰਮ ਕਰਨ ਦਾ ਫ਼ੈਸਲਾ ਕੀਤਾ ਹੈ ਤਾਂ ਜੋ ਇਸ ਯੋਜਨਾ ਲਈ ਜ਼ਮੀਨ ਪ੍ਰਾਪਤੀ ਤੇ ਉਸਾਰੀ ਦੀ ਮਨਜ਼ੂਰੀ ਲਈ ਲੱਗਣ ਵਾਲੇ ਸਮੇਂ ਨੂੰ ਘੱਟ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਲਾਗਤ ਵਿਚ ਕਮੀ ਲਿਆਉਣ ਤੇ ਆਸਾਨੀ ਨਾਲ ਪੂੰਜੀ ਜੁਟਾਉਣ ਲਈ ਸਰਕਾਰ ਨੇ ਵਿੱਤੀ ਖੇਤਰ ਨਾਲ ਕੰਮ ਕਰਨ ਦਾ ਫ਼ੈਸਲਾ ਕੀਤਾ ਹੈ।ਵਿੱਤ ਮੰਤਰੀ ਨੇ ਕਿਹਾ ਕਿ ਬਿਹਤਰ ਭੂਮੀ ਰਿਕਾਰਡ ਪ੍ਰਬੰਧ ਦੇ ਲਈ ਰਾਜ ਸਰਕਾਰਾਂ ਨੂੰ 'ਯੂਨੀਕ ਐਂਡ ਪਾਰਸਲ ਆਈਡੈਂਟੀਫੀਕੇਸ਼ਨ ਨੰਬਰ' ਲਈ ਉਤਸ਼ਾਹਿਤ ਕੀਤਾ ਜਾਵੇਗਾ। ਇਸ ਨਾਲ ਡਿਜ਼ੀਟਲ ਤਰੀਕੇ ਨਾਲ ਰਿਕਾਰਡ ਸੁਰੱਖਿਅਤ ਕੀਤਾ ਜਾ ਸਕਦਾ ਹੈ।

ਇਸ ਸਾਲ ਦੇ ਬੱਜਟ ਵਿੱਚ ਐਲਾਨ ਕੀਤਾ ਗਿਆ ਹੈ ਕਿ ਜ਼ਮੀਨੀ ਰਿਕਾਰਡ ਡਿਜੀਟਲ ਰੱਖਿਆ ਜਾਵੇਗਾ। ਇਸ ਦੇ ਲਈ ਆਈਪੀ ਟੈਕਨੀਕ ਦੀ ਵਰਤੋਂ ਕੀਤੀ ਜਾਵੇਗੀ।ਵਿੱਤ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਟੀਚਾ 2023 ਤੱਕ ਦੇਸ਼ ਦੇ ਜ਼ਮੀਨੀ ਰਿਕਾਰਡਡਿਜੀਟਲ ਕਰਨ ਦਾ ਹੈ। ਹੈ। ਅਗਲੇ ਦਿਨਾਂ ਵਿੱਚ ਸਿਰਫ਼ ਇੱਕ ਕਲਿੱਕਨਾਲ ਤੁਹਾਡੀ ਜ਼ਮੀਨ ਨਾਲ ਸਬੰਧਤ ਦਸਤਾਵੇਜ਼ ਤੁਹਾਡੇ ਸਾਹਮਣੇ ਹੋਣਗੇ। ਡਿਜੀਟਲ ਜ਼ਮੀਨੀ ਰਿਕਾਰਡਿੰਗ ਕਈ ਤਰੀਕਿਆਂ ਨਾਲ ਲਾਭਦਾਇਕ ਹੋਵੇਗੀ। ਇਸ ਦੇ ਨਾਲ 14 ਅੰਕਾਂ ਦਾ ਯੂਲਪਿਨ ਨੰਬਰ, ਤੁਹਾਡੀ ਜ਼ਮੀਨ ਦਾ ਯੂਨੀਕ ਨੰਬਰ ਜਾਰੀ ਕੀਤਾ ਜਾਵੇਗਾ, ਜਿਸ ਨੂੰ ਸਰਲ ਭਾਸ਼ਾ ਵਿੱਚ ਜ਼ਮੀਨ ਦਾ ਆਧਾਰ ਨੰਬਰ ਕਿਹਾ ਜਾ ਸਕਦਾ ਹੈ।

ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ 90 ਮਿੰਟ ਦੇ ਭਾਸ਼ਣ ਵਿੱਚ ਕਿਸਾਨਾਂ, ਨੌਜਵਾਨਾਂ ਤੇ ਉੱਦਮੀਆਂ ਲਈ ਵੱਡੇ ਐਲਾਨ ਕੀਤੇ। ਇਨਕਮ ਟੈਕਸ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਇਸ ਵਾਰ ਦੇ ਬੱਜਟ ਪੇਸ਼ ਹੋਣ ਦੇ ਨਾਲ ਮੋਬਾਈਲ ਫੋਨ, ਚਾਰਜਰ, ਕੱਪੜੇ, ਚਮੜੇ ਤੇ ਚਮੜੇ ਦੀਆਂ ਵਸਤਾਂ ਸਸਤੀਆਂ ਹੋ ਜਾਣਗੀਆਂ ਅਤੇ ਖੇਤੀਬਾੜੀ ਦੀਆਂ ਵਸਤੂਆਂ ਅਤੇ ਪੈਕਿੰਗ ਬਕਸਿਆਂ ਦੀ ਕੀਮਤ ਘਟੇਗੀ। ਇਸ ਤੋਂ ਇਲਾਵਾ ਹੀਰੇ ਅਤੇ ਗਹਿਣਿਆਂ ਦੀ ਕੀਮਤ ਵੀ ਘੱਟ ਹੋਵੇਗੀ। ਰਤਨ ਅਤੇ ਗਹਿਣਿਆਂ ਉੱਤੇ ਕਸਟਮ ਡਿਊਟੀ ਘਟਾ ਕੇ 5 ਫੀਸਦੀ ਕੀਤੀ ਗਈ ਹੈ।

# ਮੁੱਖ ਮੰਤਰੀ ਚੰਨੀ ਨੇ ਭਦੌੜ ਮਗਰੋਂ ਸ੍ਰੀ ਚਮਕੌਰ ਸਾਹਿਬ ਹਲਕੇ ਤੋਂ ਵੀ ਕਾਗਜ਼ ਭਰੇ

### * ਵੱਡੇ ਬਾਦਲ ਦੇ ਕਵਰਿੰਗ ਉਮੀਦਵਾਰ ਬਣੇ ਸੁਖਬੀਰ ਬਾਦਲ



ਸ੍ਰੀ ਚਮਕੌਰ ਸਾਹਿਬ, 1 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਭਦੌੜ ਹਲਕੇ ਤੋਂ ਸੋਮਵਾਰ ਨੂੰ ਆਪਣੇ ਨਾਮਜ਼ਦਗੀ ਕਾਗਜ਼ ਭਰਨ ਤੋਂ ਬਾਅਦ ਅੱਜ ਸ੍ਰੀ ਚਮਕੌਰ ਸਾਹਿਬ ਹਲਕੇ ਤੋਂ ਐੱਸ ਡੀ ਐੱਮ-ਕਮ-ਰਿਟਰਨਿੰਗ ਅਫਸਰ ਦੇ ਦਫ਼ਤਰ ਵਿੱਚਜਾ ਕੇ ਨਾਮਜ਼ਦਗੀ ਪੱਤਰ ਭਰ ਦਿੱਤੇ ਹਨ।

ਇਸ ਮੌਕੇ ਲੋਕਾਂ ਨੂੰ ਸੰਬੋਧਨ ਕਰਦਿਆਂਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ 50 ਸਾਲਾਂਤੋਂ ਮੇਰੇ ਤਿੰਨ ਮਹੀਨਿਆਂ ਦਾ ਕੰਮ ਵੱਧ ਹੈ, 50 ਸਾਲ ਇੱਕ ਪਾਸੇ ਤੇ ਤਿੰਨ ਮਹੀਨੇ ਇੱਕ ਪਾਸੇ ਹਨ। ਉਨ੍ਹਾਂ ਕਿਹਾ ਕਿ ਹਲਕੇ ਦਾ ਕੋਈ ਪਿੰਡਅਜਿਹਾ ਨਹੀਂ, ਜਿੱਥੇ 50 ਲੱਖ ਰੁਪਏ ਨਾ ਲਾਏ ਹੋਣ, ਕਰੋੜਾਂ ਰੁਪਏ ਪਿੰਡਾਂ ਵਾਲਿਆਂ ਨੂੰ ਦਿੱਤੇ ਹਨ। ਉਨ੍ਹਾਂ ਨੇ ਵੋਟਰਾਂ ਨੂੰ ਅਪੀਲ ਕੀਤੀ ਕਿ ਆਪੋ-ਆਪਣਾ ਪਿੰਡ ਸਾਂਭ ਲੈਣ। ਸ੍ਰੀ ਚਮਕੌਰ ਸਾਹਿਬ ਹਲਕੇ ਲਈ ਕਾਗਜ਼ ਭਰਨ ਤੋਂ ਪਹਿਲਾਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਸਮੇਸ਼ ਗੜ੍ਹ ਭੈਰੋਮਾਜਰਾ ਮੱਥਾ ਟੇਕਣ ਗਏ। ਉਨ੍ਹਾਂ ਕਿਹਾ ਕਿ ਚਮਕੌਰ ਸਾਹਿਬ ਦੀ ਸੁੰਦਰਤਾਦਾ ਨਿਖਾਰ ਆਇਆ ਹੈ, ਜੋ ਅਜੂਬਾ ਏਥੇ ਬਣਿਆ ਹੈ, ਏਦਾਂ ਦਾ ਕਿਤੇ ਨਹੀਂ ਬਣਿਆ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ 50 ਹਜ਼ਾਰ ਵੋਟਾਂ ਦੇ ਫ਼ਰਕ ਤੋਂਇੱਕ ਵੀ ਵੋਟ ਘੱਟ ਨਹੀਂ ਚਾਹੀਦੀ। ਅਸੀਂ ਬਿਜਲੀ ਬਿੱਲ ਮੁਆਫ਼ ਕਰਨ ਤੋਂ ਇਲਾਵਾ ਪਾਣੀ ਦੇ ਬਿੱਲ ਤੇ ਪੈਟਰੋਲ-ਡੀਜ਼ਲ ਸਸਤਾ ਤੱਕ ਸਸਤਾ ਕੀਤਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਾਰੇ ਮਸਲੇ ਹੱਲ ਕੀਤੇ ਹਨ, ਤਦੇ ਲੋਕ ਕਹਿੰਦੇ ਹਨ ਕਿ 'ਘਰ-ਘਰ ਵਿੱਚ ਚੱਲੀ ਗੱਲ, ਚੰਨੀ ਕਰਦਾ ਮਸਲੇ ਹੱਲ'।

ਵਿਰੋਧੀ ਧਿਰਾਂ ਉੱਤੇ ਹਮਲਾ ਕਰਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਸਾਰੀਆਂ ਪਾਰਟੀਆਂ ਸ੍ਰੀ ਚਮਕੌਰ ਸਾਹਿਬ ਦੇ ਲੋਕਾਂ ਨੂੰ ਦਬਾਉਣਾ ਚਾਹੁੰਦੀਆਂ ਹਨ। ਅਰਵਿੰਦ ਕੇਜਰੀਵਾਲਬਾਰੇ ਉਨ੍ਹਾਂ ਕਿਹਾ ਕਿ ਜਿੰਨੇ ਮਰਜ਼ੀ ਮੇਰੇ ਉੱਤੇ ਝੂਠੇ ਕੇਸ ਬਣਵਾ ਲੈਣ, ਰੇਡ ਕਰਵਾ ਲੈਣ, ਪਰ ਜਦ ਤੱਕ ਸ੍ਰੀ ਚਮਕੌਰ ਸਾਹਿਬ ਦੇ ਲੋਕ ਮੇਰੇ ਨਾਲ ਹਨ, ਕੋਈ ਵਾਲ ਵੀ ਵਿੰਗਾ ਨਹੀਂ ਕਰ ਸਕਦਾ।ਵਰਨਣ ਯੋਗ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਸ੍ਰੀ ਚਮਕੌਰ ਸਾਹਿਬ ਤੋਂ 2007 ਤੋਂ ਲਗਾਤਾਰ ਜਿੱਤਦੇ ਰਹੇ ਹਨ।ਸਾਲ 2007 ਵਿੱਚਉਹ ਆਜ਼ਾਦ ਉਮੀਦਵਾਰ ਵਜੋਂ ਜਿੱਤੇ ਤੇ 2012 ਵਿੱਚ ਤੇ ਫਿਰ ਸਾਲ 2017 ਵਿੱਚਉਹ ਕਾਂਗਰਸ ਟਿਕਟ ਉੱਤੇ ਜਿੱਤੇ ਸਨ।

ਦੂਸਰੇ ਪਾਸੇ ਅਸੈਂਬਲੀ ਹਲਕਾ ਲੰਬੀ ਤੋਂ ਅਕਾਲੀ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਦੇ ਕਵਰਿੰਗ ਉਮੀਦਵਾਰ ਵਜੋਂ ਉਨ੍ਹਾਂ ਦੇ ਪੁੱਤਰ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਗਜ਼ਭਰੇ ਹਨ। ਇੱਕ ਦਿਨ ਪਹਿਲਾਂ ਲੰਬੀ ਤੋਂ ਅਕਾਲੀ ਉਮੀਦਵਾਰ ਵਜੋਂ ਪ੍ਰਕਾਸ਼ ਸਿੰਘ ਬਾਦਲ ਨੇ ਕਾਗਜ਼ ਭਰੇ ਸਨ।ਜਲਾਲਾਬਾਦ ਵਿੱਚ ਸੁਖਬੀਰ ਸਿੰਘ ਬਾਦਲ ਦੇ ਕਵਰਿੰਗ ਉਮੀਦਵਾਰ ਵਜੋਂ ਉਨ੍ਹਾਂ ਦੀ ਪਤਨੀ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਾਗਜ਼ ਭਰ ਦਿੱਤੇ ਹਨ।

# ਸੰਯੁਕਤ ਸਮਾਜ ਮੋਰਚੇ ਨੂੰ ਚੋਣ ਕਮਿਸ਼ਨ ਨੇ ਸਿਆਸੀ ਪਾਰਟੀ ਦੇ ਤੌਰ ਉੱਤੇ ਰਜਿਸਟਰੇਸ਼ਨ ਦਿੱਤੀ

ਚੰਡੀਗੜ੍ਹ, 1 ਫਰਵਰੀ, (ਪੋਸਟ ਬਿਊਰੋ)- ਪੰਜਾਬ ਅਸੈਂਬਲੀ ਚੋਣਾਂ ਲਈ ਨਾਮਜ਼ਦਗੀਆਂ ਦੇ ਆਖਰੀ ਦਿਨ ਬਲਬੀਰ ਸਿੰਘ ਰਾਜੇਵਾਲ ਦੀ ਅਗਵਾਈ ਵਾਲੇ ਸੰਯੁਕਤ ਸਮਾਜ ਮੋਰਚਾ ਨੂੰ ਭਾਰਤ ਦੇ ਚੋਣ ਕਮਿਸ਼ਨ ਨੇ ਇੱਕ ਰਾਜਸੀ ਪਾਰਟੀ ਦੇ ਤੌਰ ਉੱਤੇ ਰਜਿਸਟਰੇਸ਼ਨ ਦੇਦਿੱਤੀ ਹੈ। ਕਈ ਦਿਨਾਂ ਤੋਂ ਮੋਰਚੇ ਦੇ ਨੇਤਾ ਚੋਣ ਕਮਿਸ਼ਨ ਤੋਂ ਮੰਗ ਕਰ ਰਹੇ ਸਨ ਕਿ ਉਨ੍ਹਾਂ ਦੀ ਅਰਜ਼ੀ ਉੱਤੇ ਵਿਚਾਰ ਕੀਤੀ ਜਾਵੇ ਅਤੇ ਇਹ ਅਮਲ ਲਟਕਦਾ ਜਾ ਰਿਹਾ ਸੀ, ਪਰ ਅੱਜ ਨਾਮਜ਼ਦਗੀਆਂ ਲਈ ਆਖਰੀ ਦਿਨ ਤੱਕ ਜਦੋਂ ਸ਼ੱਕ ਸੀ ਕਿ ਮੋਰਚੇ ਨੂੰ ਰਜਿਸਟਰੇਸ਼ਨ ਮਿਲੇਗੀ ਜਾਂ ਨਹੀਂ, ਓਦੋਂ ਮੰਗਲਵਾਰ ਦੇਰ ਰਾਤ ਚੋਣ ਕਮਿਸ਼ਨ ਨੇ ਇਸ ਨੂੰ ਰਜਿਸਟਰੇਸ਼ਨ ਦੇ ਦਿੱਤੀ ਹੈ, ਪਰ ਅਜੇ ਚੋਣ ਨਿਸ਼ਾਨ ਜਾਰੀ ਨਹੀਂ ਕੀਤਾ।

ਇਸ ਬਾਰੇ ਸੰਯੁਕਤ ਸਮਾਜ ਮੋਰਚੇ ਦੇ ਬੁਲਾਰੇ ਤੇ ਮੁਹਾਲੀ ਤੋਂ ਉਮੀਦਵਾਰ ਰਵਨੀਤ ਸਿੰਘ ਬਰਾੜ ਨੇ ਪਾਰਟੀ ਨੂੰ ਚੋਣ ਕਮਿਸ਼ਨ ਨੇਰਜਿਸਟਰੇਸ਼ਨ ਦੇਣ ਬਾਰੇ ਟਵੀਟ ਕਰਦੇ ਹੋਏ ਲਿਖਿਆ ਕਿ 'ਪੰਜਾਬੀਆਂ ਦੀ ਜਿੱਤ। ਆਖਰ ਚੋਣ ਕਮਿਸ਼ਨ ਨੇ ਸੰਯੁਕਤ ਸਮਾਜ ਮੋਰਚਾ ਪਾਰਟੀ ਨੂੰ ਮਾਨਤਾ ਦੇ ਦਿੱਤੀ ਹੈ। ਦੇਰ ਆਏ, ਦਰੁਸਤ ਆਏ।'ਵਰਨਣ ਯੋਗ ਹੈ ਕਿ ਸੰਯੁਕਤ ਸਮਾਜ ਮੋਰਚੇ ਨੇ ਪਾਰਟੀ ਵਜੋਂ ਰਜਿਸਟਰੇਸ਼ਨ ਕਰਾਉਣ ਲਈ 25 ਦਸੰਬਰ ਨੂੰ ਚੋਣ ਕਮਿਸ਼ਨ ਨੂੰ ਅਰਜ਼ੀ ਦਿੱਤੀ ਸੀ, ਜਿਸ ਉੱਤੇ ਕਮਿਸ਼ਨ ਨੇ ਇਤਰਾਜ਼ ਲਾਏ ਸਨ ਅਤੇ ਮੋਰਚੇ ਨੇ ਉਨ੍ਹਾਂ ਦਾ ਜਵਾਬ ਸੱਤ ਜਨਵਰੀ ਨੂੰ ਦੇ ਦਿੱਤਾ ਸੀ, ਪਰ ਉਸ ਤੋਂ ਬਾਅਦ ਵੀ ਮੋਰਚੇ ਨੂੰ ਕਮਿਸ਼ਨ ਨੂੰ ਰਜਿਸਟਰੇਸ਼ਨ ਨਹੀਂ ਦਿੱਤੀ ਸੀ।

ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਖਿਲਾਫ ਦਿੱਲੀ ਬਾਰਡਰਾਂ ਉੱਤੇ ਸਾਲ ਤੋਂ ਵੱਧ ਸਮਾਂ ਚੱਲੇ ਅੰਦੋਲਨ ਪਿੱਛੋਂ ਪੰਜਾਬ ਵਿੱਚ ਸਿਆਸੀ ਪਾਰਟੀ ਵਜੋਂ ਸਰਗਰਮ ਹੋਏ ਕੁਝ ਕਿਸਾਨ ਸੰਗਠਨਾਂ ਦੀਆਂ ਆਸਾਂ ਉੱਤੇ ਮੰਗਲਵਾਰਦੀ ਸ਼ਾਮ ਤੱਕ ਪਾਣੀ ਫਿਰ ਗਿਆ ਜਾਪਦਾ ਸੀ, ਕਿਉਂਕਿ ਚੋਣ ਕਮਿਸ਼ਨ ਨੇ ਸੰਯੁਕਤ ਸਮਾਜ ਮੋਰਚਾ ਨੂੰ ਸਿਆਸੀ ਧਿਰ ਵਜੋਂ ਰਜਿਸਟਰੇਸ਼ਨ ਦੇਣ ਦਾ ਫੈਸਲਾ ਨਹੀਂ ਸੀ ਕੀਤਾ। ਸੰਯੁਕਤ ਸਮਾਜ ਮੋਰਚਾ ਨੇ ਇਸਲਈ ਭਾਰਤੀ ਜਨਤਾ ਪਾਰਟੀ ਨੂੰ ਜ਼ਿਮੇਵਾਰ ਦੱਸ ਕੇ ਆਪਣੇ ਵੱਲੋਂ 104 ਸੀਟਾਂ ਉੱਤੇ ਉਮੀਦਵਾਰ ਉਤਾਰਨ ਦਾ ਐਲਾਨ ਕਰ ਦਿੱਤਾ ਸੀ।

ਇਸ ਫਰੰਟ ਦੀ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਚੱਲ ਰਹੀ ਸੀ, ਜਿਸ ਦਾ ਆਮ ਆਦਮੀ ਪਾਰਟੀ ਖੁੱਲ੍ਹ ਕੇ ਵਿਰੋਧ ਕਰ ਰਹੀ ਸੀ। ਅਜਿਹੇ ਵਿੱਚ ਇਹ ਵੀ ਸਪੱਸ਼ਟ ਹੋ ਗਿਆ ਸੀ ਕਿ ਸਾਂਝੇ ਮੋਰਚੇ ਨੂੰ ਪੂਰੇ ਪੰਜਾਬ ਦੀਆਂ ਸਾਰੀਆਂ ਸੀਟਾਂ ਉੱਤੇ ਚੋਣ ਨਿਸ਼ਾਨ ਟਰੈਕਟਰ ਨਹੀਂ ਮਿਲੇਗਾ, ਪਰ ਅੱਜ ਇੱਕ ਨਿਸ਼ਾਨ ਦੀ ਆਸ ਬੱਝ ਗਈ ਹੈ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 / 416.951.6431
Towing Service Car Paint Starts $799* upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
• ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
• ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
• ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
• ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# 'ਚੱਲੇ ਹੋਏ ਕਾਰਤੂਸ' ਕੀ ਮੁੜ ਚੱਲ ਸਕਣਗੇ, ਇਨ੍ਹਾਂ ਚੋਣਾਂ 'ਚ ...



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

ਪੰਜਾਬ ਵਿਚ ਵਿਧਾਨ ਸਭਾ 2022 ਦੀਆਂ ਚੋਣਾਂ ਦਾ 'ਚੋਣ-ਬੁਖ਼ਾਰ' ਇਸ ਸਮੇਂ ਪੂਰੇ ਜ਼ੋਰਾਂ 'ਤੇ ਹੈ। ਚੋਣ ਲੜਨ ਵਾਲੇ ਅਤੇ ਉਨ੍ਹਾਂ ਦੇ ਕੱਵਰਿੰਗ ਉਮੀਦਵਾਰਾਂ ਵੱਲੋਂ ਨਾਮਜ਼ਦਗੀ-ਕਾਗ਼ਜ਼ ਦਾਖ਼ਲ ਕੀਤੇ ਜਾ ਰਹੇ ਹਨ। ਚੋਣ-ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਕਰੋਨਾ ਦੇ ਅਜੇ ਵੀ ਚੱਲ ਰਹੇ ਪ੍ਰਭਾਵ ਅਤੇ ਡਰ ਦੇ ਕਾਰਨ ਇਸ ਵਾਰ ਉਹ ਇਹ ਕਾਗ਼ਜ਼ ਭਰਨ ਲਈ ਆਪਣੇ ਹਮਾਇਤੀਆਂ ਦੇ ਨਾਲ ਕਾਫ਼ਲਿਆਂ ਦੇ ਰੂਪ ਵਿਚ ਚੋਣ-ਅਧਿਕਾਰੀਆਂ ਦੇ ਦਫ਼ਤਰਾਂ ਵੱਲ ਨਹੀਂ ਜਾ ਰਹੇ ਅਤੇ ਉਹ ਆਪਣੇ ਕੇਵਲ ਦੋ ਕੁ ਸਾਥੀਆਂ ਨੂੰ ਆਪਣੇ ਨਾਲ ਲੈ ਕੇ ਚੁਪ-ਚਪੀਤੇ ਇਹ ਕਾਗ਼ਜ਼ ਉੱਥੇ ਅਧਿਕਾਰੀਆਂ ਨੂੰ ਦੇ ਆਉਂਦੇ ਹਨ। ਇਸ ਦੇ ਨਾਲ ਹੀ ਜਦੋਂ ਉਹ ਚਾਰ-ਚਾਰ, ਪੰਜ-ਪੰਜ ਦੇ ਛੋਟੇ-ਛੋਟੇ ਗਰੁੱਪਾਂ ਵਿਚ ਲੋਕਾਂ ਦੇ ਘਰਾਂ ਵਿਚ ਆਪਣੇ ਹੱਕ ਵਿਚ ਵੋਟਾਂ ਕਹਿਣ ਲਈ ਜਾਂਦੇ ਹਨ ਤਾਂ ਲੱਗਭੱਗ ਪਿੰਡਾਂ, ਕਸਬਿਆਂ ਤੇ ਸ਼ਹਿਰਾਂ ਵਿਚ ਇਹ ਖ਼ਾਸ ਚੁਣਾਵੀ-ਦ੍ਰਿਸ਼ ਵੇਖਣ ਨੂੰ ਮਿਲਦਾ ਹੈ ਜੋ ਪਹਿਲੀਆਂ ਚੋਣਾਂ ਨਾਲੋਂ ਬਿਲਕੁਲ ਵੱਖਰਾ ਹੈ।

ਇਸ ਅਸੈਂਬਲੀ ਚੋਣ ਵਿਚ ਰਵਾਇਤੀ ਪਾਰਟੀਆਂ ਕਾਂਗਰਸ ਤੇ ਸ਼੍ਰੋਮਣੀ ਅਕਾਲੀ ਦਲ ਅਤੇ 2017 ਵਿਚ ਉੱਭਰੀ ਆਮ ਆਦਮੀ ਪਾਰਟੀ ਤਿੰਨ ਮੁੱਖ ਰਾਜਸੀ ਪਾਰਟੀਆਂ ਇਕ ਦੂਸਰੇ ਦੇ ਵਿਰੁੱਧ ਲੜ ਰਹੀਆਂ ਹਨ। ਇਨ੍ਹਾਂ ਤਿੰਨਾਂ ਤੋਂ ਇਲਾਵਾ ਇਸ ਵਾਰ ਭਾਰਤੀ ਜਨਤਾ ਪਾਰਟੀ ਜਿਸ ਦਾ ਆਪਣੀ ਸਹਿਯੋਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ 'ਨਹੁੰ-ਮਾਸ' ਦਾ ਰਿਸ਼ਤਾ ਸੀ, ਇਸ ਵਾਰ ਇਹ ਕਈ ਦਹਾਕੇ ਪੁਰਾਣਾ ਨਾਤਾ ਤੋੜ ਕੇ ਕਾਂਗਰਸ ਪਾਰਟੀ ਤੋਂ ਵੱਖ ਹੋਏ ਸਾਬਕਾ ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ 'ਪੰਜਾਬ ਲੋਕ ਕਾਂਗਰਸ' ਅਤੇ ਸੁਖਦੇਵ ਸਿੰਘ ਢੀਂਡਸਾ ਦੇ 'ਸੰਯੁਕਤ ਅਕਾਲੀ ਦਲ' ਨਾਲ ਮਿਲ ਕੇ ਲੜ ਰਹੀ ਹੈ। ਇਕ ਬਿਲਕੁਲ ਨਵੀਂ ਪੰਜਵੀਂ ਧਿਰ 'ਸੰਯੁਕਤ ਸਮਾਜ ਮੋਰਚੇ' ਦੇ ਰੂਪ ਵਿਚ ਇਨ੍ਹਾਂ ਚੋਣ-ਮੈਦਾਨ ਵਿਚ ਉੱਤਰੀ ਹੈ ਅਤੇ ਉਹ ਹਰਿਆਣੇ ਦੇ ਆਗੂ ਗੁਰਨਾਮ ਸਿੰਘ ਚੰਡੂਨੀ ਦੀ 'ਸੰਯੁਕਤ ਸੰਘਰਸ਼ ਪਾਰਟੀ' ਨਾਲ ਮਿਲ ਕੇ ਪਿਛਲੇ ਸਮੇਂ ਵਿਚ ਲੰਮਾ ਸਿਆਸੀ ਤਜਰਬਾ ਰੱਖਣ ਵਾਲੀਆਂ ਪਾਰਟੀਆਂ ਦੇ ਵਿਰੁੱਧ ਆਣ ਖੜੀ ਹੋਈ ਹੈ।

'ਚੱਲੇ ਹੋਏ ਕਾਰਤੂਸਾਂ' ਵੱਲੋਂ ਆਪਣੀ ਕਿਸਮਤ ਫਿਰ ਅਜ਼ਮਾਉਣ ਵਾਲੇ ਉਮੀਦਵਾਰਾਂ ਦੀ ਜੇਕਰ ਹੁਣ ਗੱਲ ਕਰੀਏ ਤਾਂ ਉਨ੍ਹਾਂ ਵਿਚ ਪਹਿਲੀ ਨਜ਼ਰੇ ਉਂਜ ਤਾਂ ਕਈ ਨਾਂ ਸਾਹਮਣੇ ਆਉਂਦੇ ਹਨ ਪਰ ਸੱਭ ਤੋਂ ਪਹਿਲਾ ਨਾਂ ਸਾਬਕਾ ਮੁੱਖ-ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਹੈ ਜਿਸ ਨੂੰ ਉਸ ਦੀ ਪਾਰਟੀ ਕਾਂਗਰਸ ਵੱਲੋਂ ਚਾਰ-ਪੰਜ ਮਹੀਨੇ ਪਹਿਲਾਂ ਬੜੀ ਬੁਰੀ ਤਰ੍ਹਾਂ ਮੁੱਖ-ਮੰਤਰੀ ਦੇ ਅਹੁਦੇ ਤੋਂ ਹਟਾ ਕੇ ਬਾਹਰ ਦਾ ਰਸਤਾ ਵਿਖਾ ਦਿੱਤਾ ਗਿਆ ਸੀ ਅਤੇ ਫਿਰ ਉਸ ਨੇ ਆਪਣੀ ਨਵੀਂ ਪਾਰਟੀ 'ਪੰਜਾਬ ਲੋਕ ਕਾਂਗਰਸ' ਬਣਾ ਲਈ। ਇਹ ਵੱਖਰੀ ਗੱਲ ਹੈ ਕਿ ਉਹ ਇਸ ਵਿਚ ਉਹ ਕਾਂਗਰਸ ਨੂੰ ਅਲਵਿਦਾ ਕਹਿਣ ਵਾਲੇ ਆਪਣੇ ਕਰੀਬੀ ਸਾਥੀ ਮੰਤਰੀਆਂ ਰਾਣਾ ਗੁਰਜੀਤ ਸਿੰਘ ਸੋਢੀ ਅਤੇ ਫ਼ਤਿਹਜੰਗ ਸਿੰਘ ਬਾਜਵਾ ਨੂੰ ਵੀ ਸ਼ਾਮਲ ਕਰਨ ਵਿਚ ਸਫ਼ਲ ਨਹੀ ਹੋਇਆ ਅਤੇ ਉਹ ਸਿੱਧੇ ਭਾਰਤੀ ਜਨਤਾ ਪਾਰਟੀ ਵੱਲ ਚਲੇ ਗਏ। ਉਸ ਦੇ ਨਜ਼ਦੀਕੀ ਸਾਥੀ ਮੰਤਰੀਆਂ ਸਾਧੂ ਸਿੰਘ ਧਰਮਸੋਤ ਅਤੇ ਭਾਰਤ ਭੂਸ਼ਨ ਆਸ਼ੂ ਜਿਨ੍ਹਾਂ ਨੂੰ 'ਦਾਗ਼ੀ' ਹੋਣ ਦੇ ਬਾਵਜੂਦ ਵੀ ਉਸ ਨੇ 'ਕਲੀਨ-ਚਿੱਟਾਂ' ਦਿੱਤੀਆਂ, ਵੀ ਉਸ ਦੇ ਨਾਲ ਖੜੇ ਨਾ ਹੋ ਸਕੇ। ਕੈਪਟਨ ਸਾਹਿਬ ਵੱਲੋਂ ਐਲਾਨੇ ਗਏ ਉਮੀਦਵਾਰ ਉਨ੍ਹਾਂ ਦੀ ਪਾਰਟੀ ਦੇ ਚੋਣ ਨਿਸ਼ਾਨ 'ਹਾਕੀ-ਬਾਲ' 'ਤੇ ਚੋਣ ਲੜਨ ਨਾਲੋਂ ਬੀਜੇਪੀ ਦੇ ਚੋਣ ਨਿਸ਼ਾਨ ਕੰਵਲ ਦੇ ਫੁੱਲ 'ਤੇ ਚੋਣ ਲੜਨ ਨੂੰ ਤਰਜੀਹ ਦੇ ਰਹੇ ਹਨ। ਬੀਜੇਪੀ ਵੀ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਲਈ ਮਜਬੂਰ ਕਰ ਰਹੀ ਹੈ, ਕਿਉਂਕਿ ਉਹ ਇਨ੍ਹਾਂ ਚੋਣਾਂ ਵਿਚ ਆਪਣਾ ਵੋਟ-ਪ੍ਰਤੀਸ਼ਤ ਵਧਾਉਣ ਦੀ ਤਾਕ ਵਿਚ ਹੈ। ਕਈ ਵਾਰ ਤਾਂ ਇੰਜ ਲੱਗਦਾ ਹੈ ਕਿ ਹਾਕੀ-ਬਾਲ 'ਤੇ ਚੋਣ ਲੜਨ ਵਾਲੇ ਕੈਪਟਨ ਅਮਰਿੰਦਰ ਸਿੰਘ ਇਕੱਲੇ ਹੀ ਰਹਿ ਜਾਣਗੇ ਜਾਂ ਫਿਰ ਇਹ ਵੀ ਹੋ ਸਕਦਾ ਹੈ ਕਿ ਉਹ ਵੀ ਆਪਣੀ ਪਾਰਟੀ ਦਾ ਬੋਰੀਆ-ਬਿਸਤਰਾ ਵਲ੍ਹੇਟ ਕੇ ਕੰਵਲ ਦੇ ਫੁੱਲ ਨੂੰ ਹੀ ਅਪਨਾਅ ਲੈਣਗੇ। ਵੇਖੋ! ਇਹ ਚੱਲਿਆ ਕਾਰਤੂਸ ਹੁਣ ਕਿੰਨੀ ਕੁ ਮਾਰ ਕਰਦਾ ਹੈ।






ਇਨ੍ਹਾਂ ਵਿਚ ਦੂਸਰਾ ਮੁੱਖ ਚਿਹਰਾ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦਾ ਹੈ ਜੋ 94 ਸਾਲ ਦੀ ਉਮਰ ਵਿਚ ਇਹ ਚੋਣ ਆਪਣੇ ਹਲਕੇ ਲੰਬੀ ਤੋਂ ਲੜ ਰਹੇ ਹਨ। ਇਸ ਵਡੇਰੀ ਉਮਰ ਵਿਚ ਉਨ੍ਹਾਂ ਦੇ ਲਈ ਚੱਲਣਾ ਫਿਰਨਾ ਬਹੁਤ ਮੁਸ਼ਕਲ ਹੈ ਅਤੇ ਉਨ੍ਹਾਂ ਦੇ ਅੰਗ-ਰੱਖਿਅਕਾਂ ਵਿੱਚੋਂ ਦੋ ਜਣੇ ਉਨ੍ਹਾਂ ਨੂੰ ਆਪਣੇ ਮੋਢਿਆਂ ਦਾ ਸਹਾਰਾ ਦੇ ਕੇ ਕਾਰ ਵਿਚ ਬਿਠਾਉਂਦੇ-ਉਤਾਰਦੇ ਹਨ ਅਤੇ ਤੁਰਨ ਵਿਚ ਵੀ ਸਹਾਇਤਾ ਕਰਦੇ ਹਨ। ਬਹੁਤ ਸਾਰੇ ਲੋਕਾਂ ਦਾ ਖ਼ਿਆਲ ਹੈ ਕਿ ਇਸ ਉਮਰੇ ਬਾਦਲ ਸਾਹਿਬ ਨੂੰ ਇਸ ਚੋਣ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ ਸੀ ਅਤੇ ਬਾਦਲ ਪਿੰਡ ਵਿਚ ਆਪਣੇ ਘਰੇ ਬੈਠ ਕੇ "ਵਾਹਿਗੁਰੂ-ਵਾਹਿਗੁਰੂ" ਕਰਨਾ ਚਾਹੀਦਾ ਸੀ ਪਰ ਇੰਜ ਲੱਗਦਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੀ ਉਨ੍ਹਾਂ ਨੂੰ ਇਸ ਚੋਣ ਵਿਚ ਮੁੜ ਉਤਾਰਨਾ ਉਸ ਦੀ ਮਜਬੂਰੀ ਬਣ ਗਈ ਹੈ, ਕਿਉਂਕਿ ਉਸ ਨੂੰ ਇਕੱਲੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ ਇਹ ਚੋਣ ਜਿੱਤਣੀ ਮੁਸ਼ਕਲ ਲੱਗ ਰਹੀ ਸੀ। ਪਿਛਲੇ ਦਿਨੀਂ ਬਾਦਲ ਸਾਹਿਬ ਨੂੰ ਕਰੋਨਾ ਦੇ ਨਵੇਂ ਵੇਰੀਐਂਟ 'ਓਮੀਕਰੋਨ' ਦਾ ਅਸਰ ਹੋਣ ਦੀ ਮੁਸ਼ਕਲ ਵੀ ਆਈ ਸੀ। ਲੁਧਿਆਣੇ ਦੇ ਡੀ.ਐਮ.ਸੀ. ਹਸਪਤਾਲ ਵਿਚ ਹੋਏ ਕੁਝ ਦਿਨ ਇਲਾਜ ਤੋਂ ਬਾਅਦ ਉਹ ਭਾਵੇਂ ਠੀਕ ਜ਼ਰੂਰ ਹੋ ਗਏ ਹਨ ਪਰ ਸਰੀਰਕ ਕਮਜ਼ੋਰੀ ਵੱਧਣ ਕਾਰਨ ਉਨ੍ਹਾਂ ਲਈ ਚੱਲਣਾ-ਫਿਰਨਾ ਔਖਾ ਹੋ ਗਿਆ ਹੈ। ਰੱਬ ਖ਼ੈਰ ਕਰੇ! ਪਰ ਹਾਲਤ ਉਨ੍ਹਾਂ ਦੀ ਵੀ 'ਚੱਲੇ ਕਾਰਤੂਸ' ਵਾਲੀ ਹੈ। ਬਾਦਲ ਸਾਹਿਬ ਲਈ ਹੁਣ ਲੰਬੀ ਦੀ ਆਪਣੀ ਜੱਦੀ ਸੀਟ ਵੀ ਬਚਾਉਣ ਲਈ ਵੀ ਬੜੀ ਮਿਹਨਤ ਕਰਨੀ ਪੈ ਰਹੀ ਹੈ।

ਚਲੇ ਹੋਏ ਕਾਰਤੂਸਾਂ ਵਿਚ ਏਸੇ ਪਾਰਟੀ ਦੇ ਇਕ ਹੋਰ ਉਮੀਦਵਾਰ ਤਰਨ ਤਾਰਨ ਜ਼ਿਲੇ ਦੇ ਖਡੂਰ ਸਾਹਿਬ ਹਲਕੇ ਤੋਂ ਰਣਜੀਤ ਸਿੰਘ ਬ੍ਰਹਮਪੁਰਾ ਹਨ ਜਿਨ੍ਹਾਂ ਨੂੰ 2017 ਵਿਚ ਪਾਰਟੀ-ਵਿਰੋਧੀ ਕਾਰਵਾਈਆਂ ਕਾਰਨ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਕੱਢ ਦਿੱਤਾ ਗਿਆ ਸੀ ਅਤੇ ਜਿਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਆਪਣੇ ਸਾਥੀਆਂ ਸੁਖਦੇਵ ਸਿੰਘ ਢੀਂਡਸਾ ਅਤੇ ਸੇਵਾ ਸਿੰਘ ਸੇਖਵਾਂ ਤੇ ਕਈ ਹੋਰਨਾਂ ਨਾਲ ਮਿਲ ਕੇ 'ਸੰਯੁਕਤ ਅਕਾਲੀ ਦਲ' ਬਣਾ ਲਿਆ ਸੀ। ਇਹ ਵੱਖਰੀ ਗੱਲ ਹੈ ਕਿ ਇਹ ਦਲ ਵੀ ਹੁਣ ਨਾਂ ਦਾ ਹੀ ਸੰਯੁਕਤ ਰਹਿ ਗਿਆ ਹੈ, ਕਿਉਂਕਿ ਇਸ ਦੇ ਇਕ ਸਰਗ਼ਰਮ ਆਗੂ ਸੇਖਵਾਂ ਸਾਹਿਬ ਤਾਂ ਹੁਣ ਇਸ ਦੁਨੀਆਂ ਵਿਚ ਨਹੀਂ ਰਹੇ। ਦੂਸਰੇ ਆਗੂ ਬ੍ਰਹਮਪੁਰਾ ਸਾਹਿਬ ਆਪਣੀ ਭੁੱਲ ਬਖ਼ਸ਼ਾ ਕੇ ਮੁੜ ਅਕਾਲੀ ਦਲ ਵਿਚ ਸ਼ਾਮਲ ਹੋ ਗਏ ਹਨ ਅਤੇ ਆਪਣੀ ਰਵਾਇਤੀ ਸੀਟ ਖਡੂਰ ਸਾਹਿਬ ਤੋਂ ਇਹ ਚੋਣ ਲੜ ਰਹੇ ਹਨ। ਵੇਖੋ, ਕਿਸੇ ਸਮੇਂ 'ਮਾਝੇ ਦਾ ਜਰਨੈਲ' ਅਖਵਾਉਣ ਵਾਲੇ ਇਸ 'ਕਾਰਤੂਸ' ਵਿਚ ਕਿੰਨਾ ਕੁ 'ਚੋਣ-ਮਸਾਲਾ' ਬਾਕੀ ਹੈ, ਕਿਉਂਕਿ ਹੁਣ ਉਹ ਵੀ ਸੁੱਖ ਨਾਲ 'ਪਚਾਸੀਆਂ' ਨੂੰ ਢੁੱਕ ਚੁੱਕੇ ਹਨ।

ਇਸ ਨਾਮ-ਨਿਹਾਦ 'ਸੰਯੁਕਤ ਅਕਾਲੀ ਦਲ' ਦੇ ਤੀਸਰੇ ਸਰਗ਼ਰਮ ਆਗੂ ਇਸ ਸਮੇਂ ਇਸ ਦਲ ਦੇ ਕਰਤਾ-ਧਰਤਾ ਸੁਖਦੇਵ ਸਿੰਘ ਢੀਂਡਸਾ ਹਨ ਜੋ ਸੁਨਾਮ ਅਤੇ ਸੰਗਰੂਰ ਤੋਂ ਵਿਧਾਨ ਸਭਾ ਹਲਕਿਆਂ ਤੋਂ ਐੱਮ.ਐੱਲ.ਏ. ਰਹੇ ਹਨ ਅਤੇ ਰਾਜ ਸਭਾਂ ਦੇ ਮੈਂਬਰ ਤੇ ਕੇਂਦਰੀ ਮੰਤਰੀ ਵੀ ਰਹੇ ਹਨ ਪਰ ਲੋਕ ਸਭਾ ਦੀਆਂ ਪਿਛਲੀਆਂ ਦੋ ਚੋਣਾਂ ਆਮ ਆਦਮੀ ਪਾਰਟੀ ਦੇ ਨੇਤਾ ਭਗਵੰਤ ਮਾਨ ਜੋ ਇਸ ਸਮੇਂ ਇਸ ਪਾਰਟੀ ਦੇ ਪ੍ਰਧਾਨ ਹਨ ਅਤੇ ਧੂਰੀ ਵਿਧਾਨ ਸਭਾ ਹਲਕੇ ਤੋਂ ਚੋਣ ਲੜ ਰਹੇ ਹਨ, ਕੋਲੋਂ ਲੋਕ ਸਭਾ ਦੀਆਂ ਪਿਛਲੀਆਂ ਦੋ ਚੋਣਾਂ ਹਾਰ ਚੁੱਕੇ ਹਨ। ਹੁਣ ਇਨ੍ਹਾਂ ਨੇ ਆਪਣੇ ਸੰਯੁਕਤ ਅਕਾਲੀ ਦਲ ਦੀ ਸਾਂਝ-ਭਿਆਲ਼ੀ ਭਾਰਤੀ ਜਨਤਾ ਪਾਰਟੀ ਨਾਲ ਪਾ ਲਈ ਹੈ ਅਤੇ ਦੂਸਰੇ ਭਿਆਲ਼ ਕਾਂਗਰਸ ਪਾਰਟੀ ਵਿੱਚੋਂ ਬਾਹਰ ਹੋਏ ਕੈਪਟਨ ਅਮਰਿੰਦਰ ਸਿੰਘ ਦੀ ਪਾਰਟੀ ਨਾਲ ਮਿਲ਼ ਕੇ ਭਾਰਤੀ ਜਨਤਾ ਪਾਰਟੀ ਦੀ 'ਬੀ-ਟੀਮ' ਬਣ ਕੇ ਇਹ ਚੋਣ ਲੜ ਰਹੇ ਹਨ। ਇਨ੍ਹਾਂ ਦਾ ਇਹ ਸੰਯੁਕਤ ਅਕਾਲੀ ਦਲ 15-16 ਸੀਟਾਂ 'ਤੇ ਚੋਣ ਲੜ ਰਿਹਾ ਹੈ। ਵੇਖੋ! ਕੋਈ ਸੀਟ ਇਸ ਦਲ ਦੇ ਹੱਥ ਲੱਗਦੀ ਹੈ ਜਾਂ ਫਿਰ ਇਹ 'ਫ਼ਾਡੀ' ਹੀ ਰਹਿ ਜਾਂਦਾ ਹੈ। 'ਚੱਲੇ ਕਾਰਤੂਸਾਂ' ਦੀ ਏਸੇ ਲੜੀ ਵਿਚ ਕਾਂਗਰਸ ਪਾਰਟੀ ਉਮੀਦਵਾਰ ਬੀਬੀ ਰਜਿੰਦਰ ਕੌਰ ਭੱਠਲ ਦੀ ਵੀ ਗੱਲ ਕੀਤੀ ਜਾ ਸਕਦੀ ਹੈ ਜੋ ਪਿਛਲੀ ਵਾਰ ਲਹਿਰਾ ਗਾਗਾ ਤੋ ਹਾਰ ਗਏ ਸਨ ਅਤੇ ਇਸ ਵਾਰ ਫਿਰ ਉੱਥੋਂ ਹੀ ਆਪਣੀ ਕਿਸਮਤ ਅਜ਼ਮਾ ਰਹੇ ਹਨ। ਉਂਜ, ਉਨ੍ਹਾਂ ਵਿਚ ਏਨੀ ਕੁ ਤਾਕਤ ਜ਼ਰੂਰ ਹੈ ਕਿ ਕਾਂਗਰਸ ਪਾਰਟੀ ਵੱਲੋਂ ਬਣਾਏ ਗਏ 'ਇਕ ਪਰਿਵਾਰ ਇਕ ਟਿਕਟ' ਦੇ ਫ਼ਾਰਮੂਲੇ ਦੇ ਬਾਵਜੂਦ ਉਹ ਆਪਣੇ ਜਵਾਈ ਨੂੰ ਵੀ ਇਨ੍ਹਾਂ ਚੋਣਾਂ ਵਿਚ ਉਮੀਦਵਾਰ ਬਨਾਉਣ ਵਿਚ ਕਾਮਯਾਬ ਹੋ ਗਏ ਹਨ। ਵੇਖੋ! ਅੱਗੇ ਕੀ ਬਣਦਾ ਹੈ।

ਹੁਣ ਜੇਕਰ ਅਣਚੱਲੇ 'ਕਾਰਤੂਸਾਂ' ਦੀ ਵੀ ਕੁਝ ਗੱਲ ਕਰਨੀ ਹੋਵੇ ਤਾਂ ਇਨ੍ਹਾਂ ਦੀ ਹਰੇਕ ਸਿਆਸੀ ਪਾਰਟੀ ਵਿਚ ਕਾਫ਼ੀ ਭਰਮਾਰ ਹੈ। ਇਕ-ਇਕ ਸੀਟ ਤੋਂ ਕਈ-ਕਈ ਅਜਿਹੇ ਕਾਰਤੂਸ (ਉਮੀਦਵਾਰ) ਟਿਕਟ ਲੈਣ ਲਈ ਤਿਆਰ ਹੋਏ ਹਨ ਅਤੇ ਆਪਣੀ ਪਾਰਟੀ ਵਿਚ ਟਿਕਟ ਨਾ ਮਿਲਣ 'ਤੇ ਉਹ ਆਜ਼ਾਦ ਚੋਣ ਲੜਨ ਜਾਂ ਦੂਸਰੀ ਪਾਰਟੀ ਵਿਚ ਜਾ ਕੇ ਉੱਥੇ ਚੋਣ ਲੜਨ ਲਈ ਤਿਆਰ ਹਨ। ਇਨ੍ਹਾਂ ਚੋਣਾਂ ਵਿਚ ਲੱਗਭੱਗ ਸਾਰੀਆਂ ਹੀ ਸਿਆਸੀ ਪਾਰਟੀਆਂ ਵਿੱਚੋਂ ਲੀਡਰ ਇਕ ਦੂਸਰੀ ਪਾਰਟੀ ਵਿਚ ਗਏ ਹਨ। ਇਸ ਸੀਮਤ ਜਿਹੇ ਆਰਟੀਕਲ ਵਿਚ ਇਨ੍ਹਾਂ ਬਾਰੇ ਵਿਸਥਾਰ ਵਿਚ ਜਾਣਾ ਬਹੁਤ ਮੁਸ਼ਕਲ ਹੈ, ਪਰ ਇੱਥੇ ਕਾਂਗਰਸ ਪਾਰਟੀ ਦੀ ਗੱਲ ਕਰਨੀ ਜ਼ਰੂਰੀ ਹੈ ਜਿੱਥੇ ਟਿਕਟਾਂ ਨਾ ਮਿਲਣ 'ਤੇ 24-25 ਸੀਟਾਂ ਉੱਪਰ ਅਜਿਹੇ ਉਮੀਦਵਾਰਾਂ ਨੇ ਘਮਸਾਣ ਮਚਾਇਆ ਹੋਇਆ ਹੈ ਜੋ ਅਧਿਕਾਰਤ ਪਾਰਟੀ ਉਮੀਦਵਾਰਾਂ ਦੇ ਵਿਰੁੱਧ ਆਜ਼ਾਦ ਉਮੀਦਵਾਰਾਂ ਵਜੋਂ ਚੋਣ ਲੜ ਰਹੇ ਹਨ ਜਾਂ ਫਿਰ ਇਸ ਪਾਰਟੀ ਨੂੰ ਛੱਡ ਕੇ ਹੋਰ ਸਿਆਸੀ ਪਾਰਟੀਆਂ ਵਿਚ ਚਲੇ ਗਏ ਹਨ ਅਤੇ ਉੱਥੋਂ ਪਾਰਟੀ ਟਿਕਟ ਲੈ ਕੇ ਆਪਣੀ ਕਿਸਮਤ ਅਜ਼ਮਾਈ ਕਰ ਰਹੇ ਹਨ।

ਕਾਂਗਰਸ ਪਾਰਟੀ ਵੱਲੋਂ ਹੁਣ ਤੀਕ ਆਪਣਾ ਮੁੱਖ-ਮੰਤਰੀ ਚਿਹਰਾ ਨਾ ਐਲਾਨ ਕਰ ਸਕਣਾ ਇਸ ਪਾਰਟੀ ਵਿਚ ਪਏ ਘਮਸਾਣ ਦਾ ਵੱਡਾ ਕਾਰਨ ਹੈ। ਇਸ ਦੇ ਵੱਲੋਂ ਪਹਿਲਾਂ ਤਿੰਨ ਚਿਹਰੇ ਸੁਨੀਲ ਜਾਖੜ, ਚਰਨਜੀਤ ਸਿੰਘ ਚੰਨੀ ਅਤੇ ਨਵਜੋਤ ਸਿੰਘ ਸਿੱਧੂ ਐਲਾਨੇ ਗਏ ਸਨ। ਫਿਰ ਪਹਿਲਾ ਚਿਹਰਾ ਇਸ ਦੌੜ ਵਿਚੋਂ ਪਿੱਛੇ ਹੱਟ ਜਾਣ ਤੋਂ ਬਾਅਦ ਦੂਸਰੇ ਦੋ ਚਿਹਰਿਆਂ ਵਿਚਕਾਰ ਖ਼ੂਬ 'ਰੱਸਾਕਸ਼ੀ' ਚੱਲ ਰਹੀ ਹੈ ਜਿਸ ਵਿਚ ਕਈ ਵਾਰ ਪ੍ਰਤਾਪ ਸਿੰਘ ਬਾਜਵਾ, ਮਨਪ੍ਰੀਤ ਸਿੰਘ ਬਾਦਲ ਅਤੇ ਪਰਗਟ ਸਿੰਘ ਵਰਗੇ ਕਈ ਹੋਰ 'ਚਿਹਰੇ' ਵੀ ਸ਼ਾਮਲ ਹੋ ਜਾਂਦੇ ਹਨ। ਕਾਂਗਰਸ ਪਾਰਟੀ ਦੀ ਹਾਈ-ਕਮਾਂਡ ਵੱਲੋਂ ਕਦੇ ਨਵਜੋਤ ਸਿੰਘ ਸਿੱਧੂ ਦੇ 'ਪੰਜਾਬ ਮਾਡਲ' ਦੀ ਸਰਾਹਨਾ ਕਰਕੇ ਉਸ ਦੇ ਚਿਹਰੇ ਨੂੰ ਅੱਗੇ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਅਤੇ ਕਦੇ ਚਰਨਜੀਤ ਸਿੰਘ ਚੰਨੀ ਨੂੰ ਚਮਕੌਰ ਸਾਹਿਬ ਅਤੇ ਭਦੌੜ ਦੋ ਸੀਟਾਂ 'ਤੇ ਚੋਣ ਲੜਾਉਣ ਦਾ ਐਲਾਨ ਕਰਕੇ ਉਸ ਦਾ ਚਿਹਰਾ ਅੱਗੇ ਕਰ ਦਿੱਤਾ ਜਾਂਦਾ ਹੈ। ਪਰ ਕੋਈ ਵੀ 'ਚਿਹਰਾ' ਸਾਫ਼ ਨਾ ਦਿਖਾਈ ਦੇਣ ਕਾਰਨ ਇਸ ਪਾਰਟੀ ਦੀ ਸਥਿਤੀ ਬੜੀ ਭੰਬਲਭੂਸੇ ਵਾਲੀ ਬਣੀ ਹੋਈ ਹੈ। ਓਧਰ ਮਾਝੇ ਦਾ 'ਸ਼ੇਰ' ਅਤੇ 'ਅਜੋਕਾ ਜਰਨੈਲ' ਇਸ ਪਾਰਟੀ ਦੇ ਪ੍ਰਧਾਨ ਦੇ ਹਲਕੇ ਪੂਰਬੀ ਅੰਮ੍ਰਿਤਸਰ ਵਿਚ ਆ ਕੇ ਲਲਕਾਰੇ ਮਾਰ ਕੇ ਉਸ ਨੂੰ ਵੰਗਾਰ ਰਿਹਾ ਹੈ ਜਿਸ ਨੂੰ ਨਵਜੋਤ ਸਿੰਘ ਸਿੱਧੂ ਵੱਲੋਂ ਖਿੜੇ ਮੱਥੇ ਪ੍ਰਵਾਨ ਵੀ ਕਰ ਲਿਆ ਗਿਆ ਹੈ। ਇਸ ਤਰ੍ਹਾਂ ਵਿਧਾਨ ਸਭਾ ਦੀ ਇਹ ਸੀਟ ਪੰਜਾਬੀ ਦੀ ਸੱਭ ਤੋਂ 'ਹੌਟ-ਸੀਟ'ਬਣ ਗਈ ਹੈ ਜਿਸ ਦਾ 'ਸੇਕ' ਆਉਂਦੇ ਦਿਨਾਂ ਵਿਚ ਵੇਖੋਂ ਕੀ ਗੁੱਲ ਖਿਲਾਉਂਦਾ ਹੈ।

ਆਮ ਆਦਮੀ ਪਾਰਟੀ ਦੇ ਪੰਜ-ਸੱਤ ਸਾਲ ਪੁਰਾਣੇ ਕਾਰਤੂਸ ਅਤੇ ਸੰਯੁਕਤ ਸਮਾਜ ਪਾਰਟੀ ਦੇ 'ਅਸਲੋਂ ਨਵੇਂ ਕਾਰਤੂਸ' ਇਨ੍ਹਾਂ ਚੋਣਾਂ ਵਿਚ ਕਿੰਨੀ ਕੁ ਮਾਰ ਕਰਦੇ ਹਨ, ਇਸ ਦਾ ਪਤਾ ਤਾਂ 10 ਮਾਰਚ ਨੂੰ ਲੱਗੇਗਾ। ਪਰ ਏਨਾ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਜੇਕਰ ਇਹ ਜੇਕਰ ਕਿਤੇ ਇਕੱਠੇ ਹੋ ਕੇ ਚੱਲਦੇ ਜਿਸ ਦੀ ਪਹਿਲਾਂ ਕੁਝ ਸੰਭਾਵਨਾ ਵੀ ਬਣਦੀ ਵਿਖਾਈ ਦਿੰਦੀ ਸੀ ਤਾਂ ਇਹ ਮਿਲ਼ ਕੇ ਵਧੇਰੇ ਮਾਰ ਕਰ ਸਕਣ ਵਾਲੇ ਸਾਬਤ ਹੋ ਸਕਦੇ ਸਨ। ਪਰ ਹੁਣ ਇਹ ਆਪਸ ਵਿਚ ਹੀ ਇਕ-ਦੂਸਰੇ ਦੇ ਸਾਹ-ਮਣੇ ਚੱਲਣ ਦੀ ਤਿਆਰੀ ਵਿਚ ਹਨ। ਵੇਖੋ! ਇਨ੍ਹਾਂ ਵਿੱਚੋਂ ਕਿੰਨੇ ਕੁ 'ਸਹੀ' ਚੱਲਦੇ ਹਨ ਅਤੇ ਕਿੰਨੇ 'ਠੁੱਸ' ਹੁੰਦੇ ਹਨ। ਓਧਰ ਭਾਰਤੀ ਜਨਤਾ ਪਾਰਟੀ ਦੇ ਬਹੁਤੇ ਕਾਰਤੂਸਾਂ ਦੀ ਤਾਂ 'ਠੁੱਸ' ਰਹਿਣ ਦੀ ਹੀ ਸੰਭਾਵਨਾ ਜਾਪਦੀ ਹੈ। ਅਲਬੱਤਾ! ਸ਼ਹਿਰਾਂ ਵਿੱਚੋਂ ਜੇਕਰ ਇੱਕਾ-ਦੁੱਕਾ ਥਾਵਾਂ 'ਤੇ ਮਾੜਾ-ਮੋਟਾ ਖੜਾਕ ਸੁਣਾਈ ਦੇ ਜਾਏ ਤਾਂ ਕੁਝ ਕਿਹਾ ਨਹੀਂ ਜਾ ਸਕਦਾ।

ਇਸ ਤਰ੍ਹਾਂ ਇਹ 'ਚੱਲੇ ਹੋਏ', 'ਪੁਰਾਣੇ ਅਣਚੱਲੇ' ਅਤੇ 'ਅਸਲੋਂ ਨਵੇ' ਤਿੰਨੇ ਕਿਸਮਾਂ ਦੇ ਕਾਰਤੂਸ ਇਸ ਚੋਣ-ਮੈਦਾਨ ਵਿਚ ਇਕ ਦੂਸਰੇ ਦੇ ਵਿਰੁੱਧ ਚੱਲਦੇ ਵਿਖਾਈ ਦੇ ਰਹੇ ਹਨ। ਇਨ੍ਹਾਂ ਵਿੱਚੋਂ ਕਿੰਨੇ ਕੁ ਸਹੀ ਮਾਰ ਕਰ ਸਕਣਗੇ ਅਤੇ ਕਿੰਨੇ ਦੀਵਾਲੀ ਦੇ ਮਾੜੇ ਪਟਾਕਿਆਂ ਵਾਂਗ 'ਠੁੱਸ' ਹੋਣਗੇ, ਇਸ ਦਾ ਸਹੀ ਪਤਾ ਤਾਂ 10 ਮਾਰਚ ਨੂੰ ਹੀ ਲੱਗੇਗਾ ਪਰ ਇਸ ਸਮੇਂ ਇਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੀ ਇਸ ਚੋਣ ਨੂੰ ਕਾਫ਼ੀ ਦਿਲਚਸਪ ਬਣਾ ਦਿੱਤਾ ਹੈ। ਪੰਜਾਬ ਦੇ ਵੋਟਰਾਂ ਨੂੰ ਹਰ ਰੋਜ਼ ਨਵੀਆਂ ਖ਼ਬਰਾਂ ਵੇਖਣ-ਸੁਣਨ ਨੂੰ ਮਿਲਦੀਆਂ ਹਨ ਅਤੇ ਇਹ ਉਨ੍ਹਾਂ ਦਾ ਬਹੁਤ ਵਧੀਆ ਮਨੋਰੰਜਨ ਕਰ ਰਹੀਆਂ ਹਨ।

## ਹਲਕਾ-ਫੁਲਕਾ



ਇੱਕ ਵਾਰ ਇੱਕ ਵਿਅਕਤੀ ਨੇ ਮੌਤ ਤੋਂ ਬਾਅਦ ਸਵਰਗ ਦਾ ਦਰਵਾਜ਼ਾ ਖੜਕਾਇਆ ਤਾਂ ਅੰਦਰੋਂ ਆਵਾਜ਼ ਆਈ, "ਕੀ ਤੁਸੀਂ ਵਿਆਹੇ ਹੋ।"
ਆਦਮੀ, "ਜੀ ਹਾਂ।"
ਅੰਦਰੋਂ ਫਿਰ ਆਵਾਜ਼ ਆਈ, "ਤੁਸੀਂ ਅੰਦਰ ਆ ਸਕਦੇ ਹੋ, ਤੁਸੀਂ ਵਿਆਹ ਕਰਵਾ ਕੇ ਦੁਨੀਆ ਵਿੱਚ ਕਾਫ਼ੀ ਸਜ਼ਾ ਭੁਗਤੀ ਹੈ।"
ਉਸ ਦੇ ਬਾਅਦ ਦੂਜੇ ਆਦਮੀ ਨੇ ਦਰਵਾਜ਼ਾ ਖੜ੍ਹਕਾਇਆ ਤਾਂ ਆਵਾਜ਼ ਆਈ, "ਕੀ ਤੁਸੀਂ ਵਿਆਹੇ ਹੋ?"
ਦੂਜਾ ਆਦਮੀ (ਖੁਸ਼ ਹੋ ਕੇ), "ਜੀ ਹਾਂ, ਮੇਰਾ ਤਾਂ ਦੋ ਵਾਰ ਵਿਆਹ ਹੋ ਚੁੱਕਿਆ ਹੈ।"
ਅੰਦਰੋਂ ਆਵਾਜ਼ ਆਈ, "ਭੱਜ ਜਾ, ਇੱਥੇ ਬੇਵਕੂਫਾਂ ਲਈ ਜਗ੍ਹਾ ਨਹੀਂ ਹੈ।"

******

ਲੜਕਾ, "ਪਾਪਾ, ਸਾਹਮਣੇ ਵਾਲੇ ਵਰਮਾ ਜੀ ਦੀ ਲੜਕੀ ਤੁਹਾਨੂੰ ਪਸੰਦ ਕਰਦੀ ਹੈ।"
ਪਿਤਾ (ਖੁਸ਼ ਹੋ ਕੇ), "ਅੱਛਾ, ਕੀ ਕਹਿੰਦੀ ਹੈ।"
ਲੜਕਾ, "ਜੀ, ਉਹ ਤੁਹਾਡੀ ਨੂੰਹ ਬਣਨਾ ਚਾਹੁੰਦੀ ਹੈ।"

******

ਲੜਕਾ (ਆਪਣੀ ਗਰਲਫਰੈਂਡ ਨੂੰ), "ਕੀ ਤੂੰ ਜਾਣਦੀ ਹੈਂ, ਅਮੀਰ ਤੋਂ ਅਮੀਰ ਆਦਮੀ ਵੀ ਮੇਰੇ ਪਿਤਾ ਜੀ ਦੇ ਅੱਗੇ ਕਟੋਰੀ ਲੈ ਕੇ ਖੜਾ ਰਹਿੰਦਾ ਹੈ।"
ਗਰਲਫਰੈਂਡ, "ਵਾਹ! ਫਿਰ ਤਾਂ ਤੁਹਾਡੇ ਪਿਤਾ ਜੀ ਬਹੁਤ ਅਮੀਰ ਹੋਣਗੇ।"
ਲੜਕਾ, "ਨਹੀਂ ਉਹ ਗੋਲਗੱਪੇ ਵੇਚਦੇ ਹਨ।"

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

## ਕੁਦਰਤ ਨੂੰ ਮਨੁੱਖੀ ਚੁਣੌਤੀ

ਮਨੁੱਖ ਆਪਣੇ ਮੁੱਢ ਤੋਂ ਹੀ ਨਿਰੰਤਰ ਵਿਕਾਸ ਦੇ ਰਾਹ 'ਤੇ ਰਿਹਾ ਹੈ। ਇਹ ਮਨੁੱਖ ਦਾ ਸੁਭਾਅ ਹੈ ਕਿ ਉਹ ਕਿੱਥੋਂ ਦੀ ਬਿਹਤਰੀ ਬਾਰੇ ਨਾ ਸਿਰਫ਼ ਸੋਚਦਾ ਹੈ, ਸਗੋਂ ਉਸ ਨੂੰ ਅੱਗੇ ਵਧਾਉਣ ਲਈ ਵੀ ਕੰਮ ਕਰਦਾ ਹੈ। ਇੱਕ ਸਮਾਂ ਸੀ ਜਦੋਂ ਮਨੁੱਖਾਂ ਨੂੰ ਅੱਗ ਬਾਲਣੀ ਵੀ ਨਹੀਂ ਆਉਂਦੀ ਸੀ ਅਤੇ ਅੱਜ ਇੱਕ ਸਮਾਂ ਅਜਿਹਾ ਹੈ, ਜਦੋਂ ਅਸੀਂ ਅਸਮਾਨ ਦੇ ਚੱਕਰ ਵਿੱਚ ਸਫ਼ਰ ਕਰ ਰਹੇ ਹਾਂ। ਸੰਸਾਰ ਨੇ ਚੰਦਰਮਾ ਨੂੰ ਕਦੋਂ ਜਿੱਤਿਆ ਹੈ? ਹੁਣ ਪੁਲਾੜ 'ਚ ਨਵੀਂ ਦੁਨੀਆ ਸਥਾਪਤ ਕਰਨ ਦੀ ਯੋਜਨਾ 'ਤੇ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ। ਇੰਨਾ ਹੀ ਨਹੀਂ ਜਲਦੀ ਹੀ ਇਹ ਜਗ੍ਹਾ ਆਮ ਲੋਕਾਂ ਲਈ ਸੈਰ ਦਾ ਸਥਾਨ ਬਣ ਜਾਵੇਗੀ। ਹਾਲ ਹੀ ਵਿੱਚ ਇਸ ਯੋਜਨਾ ਦੇ ਸੰਦਰਭ ਵਿੱਚ ਅਮਰੀਕੀ ਕੰਪਨੀਆਂ ਦੁਆਰਾ ਟਰਾਇਲ ਵੀ ਪੂਰੇ ਕੀਤੇ ਗਏ ਸਨ। ਖੈਰ, ਹੁਣ ਵਿਕਾਸ ਦੀ ਗੱਲ ਕਰੀਏ। ਐਲੋਨ ਮਸਕ ਬਾਰੇ ਹਰ ਕੋਈ ਜਾਣਦਾ ਹੈ। ਉਹ ਉਹੀ ਵਿਅਕਤੀ ਹੈ ਜਿਸ ਨੇ ਆਪਣੀ ਸੋਚ ਨਾਲ ਦੁਨੀਆ ਨੂੰ ਹੈਰਾਨ ਕਰ ਦਿੱਤਾ ਹੈ। ਉਨ੍ਹਾਂ ਦੀ ਕੰਪਨੀ ਪੁਲਾੜ ਵਿਚ ਯਾਤਰਾ ਕਰਨ ਦੀ ਯੋਜਨਾ ਵਿਚ ਵੀ ਸ਼ਾਮਲ ਹੈ। ਵੈਸੇ, ਏਲਨ ਦੇ ਨਾਮ ਅਤੇ ਇੱਕ ਨਵੇਂ ਪਲਾਨ ਨੂੰ ਲੈ ਕੇ ਇਨ੍ਹੀਂ ਦਿਨੀਂ ਖੂਬ ਚਰਚਾ ਹੋ ਰਹੀ ਹੈ। ਦੁਨੀਆ ਨੂੰ ਇਸ ਸਮੇਂ 'ਨਿਊਰਲਿੰਕ' ਬਾਰੇ ਬਹੁਤਾ ਪਤਾ ਨਹੀਂ ਹੈ। ਦਰਅਸਲ, ਐਲੋਨ ਮਸਕ ਲੰਬੇ ਸਮੇਂ ਤੋਂ 'ਨਿਊਰਲਿੰਕ' ਨਾਮ ਦੀ ਯੋਜਨਾ 'ਤੇ ਕੰਮ ਕਰ ਰਹੇ ਹਨ। ਇਸ ਯੋਜਨਾ ਦੇ ਤਹਿਤ ਜੋ ਚੀਜ਼ਾਂ ਸਾਹਮਣੇ ਆ ਰਹੀਆਂ ਹਨ, ਉਨ੍ਹਾਂ ਮੁਤਾਬਕ ਲੋਕਾਂ ਦੇ ਦਿਮਾਗ 'ਚ ਇਲੈਕਟ੍ਰਾਨਿਕ ਚਿੱਪ ਲਗਾਈ ਜਾਵੇਗੀ। 4 ਮਿਲੀਮੀਟਰ ਦੇ ਆਕਾਰ ਵਾਲੀ ਇਸ ਚਿੱਪ ਵਿੱਚ 1080 ਬੈਰਡ ਤਾਰਾਂ ਹੋਣਗੀਆਂ ਅਤੇ ਇਹ ਤਾਰਾਂ ਦਿਮਾਗ ਦੇ ਨਿਊਰੋਨਸ ਨਾਲ ਜੁੜੀਆਂ ਹੋਣਗੀਆਂ। ਇਸ ਤੋਂ ਬਾਅਦ ਕੰਨ ਦੇ ਪਿੱਛੇ ਇਕ ਡਿਵਾਈਸ ਲਗਾਇਆ ਜਾਵੇਗਾ, ਜਿਸ ਨੂੰ ਲੋੜ ਮੁਤਾਬਕ ਚਾਰਜ ਕੀਤਾ ਜਾ ਸਕੇਗਾ। ਇੰਨਾ ਹੀ ਨਹੀਂ ਇਸ 'ਚ ਬਲੂਟੁੱਥ ਡਿਵਾਈਸ ਵੀ ਹੋਵੇਗਾ, ਜਿਸ ਤੋਂ ਡਾਟਾ ਕੰਪਿਊਟਰ 'ਚ ਟਰਾਂਸਫਰ ਕੀਤਾ ਜਾਵੇਗਾ। ਖਾਸ ਗੱਲ ਇਹ ਹੈ ਕਿ ਐਲੋਨ ਮਸਕ ਦੀ ਕੰਪਨੀ ਨੇ ਇਸ ਯੋਜਨਾ ਦੇ ਤਹਿਤ ਸੂਰਾਂ ਅਤੇ ਬਾਂਦਰਾਂ 'ਤੇ ਟੈਸਟ ਵੀ ਪੂਰਾ ਕਰ ਲਿਆ ਹੈ, ਜਿਸ 'ਚ ਉਹ ਸਫਲ ਦੱਸੇ ਜਾ ਰਹੇ ਹਨ। ਹੁਣ ਐਲੋਨ ਦੀ ਕੰਪਨੀ ਵਿਅਕਤੀਗਤ ਤੌਰ 'ਤੇ ਇਸ ਦੀ ਜਾਂਚ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਇਸ ਲਈ ਬਕਾਇਆ ਅਸਾਮੀਆਂ ਵੀ ਕੱਢੀਆਂ ਗਈਆਂ ਹਨ, ਜਿਸ ਤਹਿਤ ਡਾਕਟਰਾਂ ਅਤੇ ਹੋਰ ਸਹਾਇਕ ਅਸਾਮੀਆਂ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ। ਖੈਰ, ਆਓ ਹੁਣ ਇਸ ਤਕਨੀਕ ਬਾਰੇ ਗੱਲ ਕਰੀਏ. ਅਸਲ ਵਿੱਚ, ਇਸ ਚਿੱਪ ਨੂੰ ਤੁਹਾਡੇ ਦਿਮਾਗ ਵਿੱਚ ਸਥਾਪਤ ਕਰਨ ਤੋਂ ਬਾਅਦ, ਤੁਹਾਡਾ ਮਨ ਜੋ ਸੋਚੇਗਾ, ਉਹ ਆਪਣੇ ਆਪ ਹੋ ਜਾਵੇਗਾ। ਹੁਣ ਸਵਾਲ ਇਹ ਹੈ ਕਿ ਇਹ ਕਿਵੇਂ ਹੋਵੇਗਾ। ਦਰਅਸਲ, ਚਿੱਪ ਕਰਨ ਤੋਂ ਬਾਅਦ ਤੁਹਾਡੇ ਦਿਮਾਗ ਵਿੱਚ ਜੋ ਵੀ ਚੀਜ਼ਾਂ ਵਾਪਰਦੀਆਂ ਹਨ ਜਾਂ ਤੁਸੀਂ ਜੋ ਸੋਚਦੇ ਹੋ, ਉਹ ਚਿੱਪ ਦੀ ਮਦਦ ਨਾਲ ਕੰਪਿਊਟਰ ਵਿੱਚ ਤਬਦੀਲ ਹੋ ਜਾਵੇਗਾ। ਹੁਣ ਕੰਪਿਊਟਰ ਉਕਤ ਡੇਟਾ ਦੇ ਆਧਾਰ 'ਤੇ ਕਮਾਂਡ ਜਾਰੀ ਕਰੇਗਾ, ਜਿਸ ਤੋਂ ਬਾਅਦ ਤੁਸੀਂ ਜੋ ਸੋਚਿਆ ਹੈ, ਉਸ ਨੂੰ ਲਾਗੂ ਕੀਤਾ ਜਾਵੇਗਾ। ਉਦਾਹਰਨ ਲਈ, ਤੁਸੀਂ ਕੁਰਸੀ 'ਤੇ ਬੈਠੇ ਹੋ, ਤੁਹਾਨੂੰ ਕਮਰੇ ਦੀ ਲਾਈਟ ਬੰਦ ਕਰਨੀ ਪਵੇਗੀ, ਤੁਹਾਡੇ ਮਨ ਤੋਂ ਹੁਕਮ ਉਹ ਕੰਮ ਕਰੇਗਾ। ਜੇਕਰ ਤੁਹਾਨੂੰ ਕਿਸੇ ਨੂੰ ਕਾਲ ਕਰਨੀ ਪਵੇ ਤਾਂ ਮੋਬਾਈਲ ਨੂੰ ਛੂਹੇ ਬਿਨਾਂ ਤੁਹਾਡਾ ਫ਼ੋਨ ਵੀ ਕਾਲ ਕਰੇਗਾ। ਬਹੁਤ ਸਾਰੇ ਅਜਿਹੇ ਕੰਮ ਹਨ, ਜੋ ਬਿਨਾਂ ਸਰੀਰਕ ਗਤੀਵਿਧੀਆਂ ਦੇ ਪੂਰੇ ਹੋਣਗੇ। ਐਲੋਨ ਮਸਕ ਦੀ ਕੰਪਨੀ ਦਾ ਕਹਿਣਾ ਹੈ ਕਿ ਜੇਕਰ ਇਹ ਯੋਜਨਾ ਸਫਲ ਹੁੰਦੀ ਹੈ ਤਾਂ ਸਰੀਰਕ ਤੌਰ 'ਤੇ ਅਪਾਹਜਾਂ ਅਤੇ ਬਜ਼ੁਰਗਾਂ ਨੂੰ ਕਾਫੀ ਮਦਦ ਮਿਲੇਗੀ। ਹਾਲਾਂਕਿ, ਇਹ ਯੋਜਨਾ ਅਜੇ ਬਹੁਤ ਸ਼ੁਰੂਆਤੀ ਪੜਾਵਾਂ ਵਿੱਚ ਹੈ। ਇਸ ਨੂੰ ਹਕੀਕਤ ਵਿੱਚ ਬਦਲਣ ਵਿੱਚ ਲੰਮਾ ਸਮਾਂ ਲੱਗੇਗਾ। ਵੈਸੇ, ਐਲੋਨ ਮਸਕ ਦੀ ਇਸ ਯੋਜਨਾ 'ਤੇ ਵੀ ਸਵਾਲ ਉੱਠ ਰਹੇ ਹਨ। ਐਲੋਨ ਦੀ ਇਸ ਯੋਜਨਾ 'ਤੇ ਵੀ ਚਿੰਤਾ ਜਤਾਈ ਜਾ ਰਹੀ ਹੈ। ਕਿਉਂਕਿ ਇਸ ਯੋਜਨਾ ਤਹਿਤ ਮਨੁੱਖੀ ਮਨ ਪੂਰੀ ਤਰ੍ਹਾਂ ਕਿਸੇ ਦੇ ਕੰਟਰੋਲ ਵਿਚ ਹੋਵੇਗਾ। ਜੇਕਰ ਅਜਿਹਾ ਹੁੰਦਾ ਹੈ ਤਾਂ ਭਵਿੱਖ ਵਿੱਚ ਇਸਦੀ ਦੁਰਵਰਤੋਂ ਵੀ ਹੋ ਸਕਦੀ ਹੈ। ਸਰਕਾਰਾਂ ਇਸ ਦੀ ਵਰਤੋਂ ਉਨ੍ਹਾਂ ਵਿਰੁੱਧ ਉੱਠੀਆਂ ਆਵਾਜ਼ਾਂ ਵਿਰੁੱਧ ਕਰ ਸਕਦੀਆਂ ਹਨ। ਦੂਜੀ ਅਤੇ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਕਿਸਮ ਦੀ ਵਿਉਂਤਬੰਦੀ ਕੁਦਰਤ ਦੇ ਕੰਮ ਵਿੱਚ ਕਿਸੇ ਕਿਸਮ ਦੀ ਦਖਲਅੰਦਾਜ਼ੀ ਹੈ। ਵੈਸੇ, ਮਨੁੱਖ ਦੁਆਰਾ ਬਣਾਏ ਰੋਬੋਟ ਮਾਨਸਿਕ ਅਤੇ ਸਰੀਰਕ ਤੌਰ 'ਤੇ ਮਨੁੱਖਾਂ ਨਾਲੋਂ ਕਈ ਗੁਣਾ ਮਜ਼ਬੂਤ ਅਤੇ ਬਿਹਤਰ ਹਨ। ਜੇਕਰ ਰੋਬੋਟ ਕਦੇ ਵੀ ਇਨਸਾਨਾਂ ਦੇ ਖਿਲਾਫ ਬਗਾਵਤ ਕਰਦੇ ਹਨ ਤਾਂ ਇਸ ਦੇ ਨਤੀਜੇ ਕਿੰਨੇ ਭਿਆਨਕ ਹੋ ਸਕਦੇ ਹਨ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਹਾਲਾਂਕਿ, ਵਿਕਾਸ ਦੇ ਦੌਰਾਨ, ਮਨੁੱਖੀ ਸਮਾਜ ਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਕੁਦਰਤ ਦੇ ਕੰਮ ਵਿੱਚ ਦਖਲ ਦੇਣਾ ਕਦੇ ਵੀ ਠੀਕ ਨਹੀਂ ਹੈ।

*-ਵਿਜੈ ਗਰਗ*
*ਰਿਟਾਇਰਡ ਪ੍ਰਿੰਸੀਪਲ*
*ਮਲੋਟ।*

# ਮਾਪੇ ਆਪਣੇ ਤਲਾਕ ਸਮੇਂ ਆਪਣੇ ਬੱਚਿਆਂ ਨੂੰ ਪਿਆਰ ਅਤੇ ਸਨੇਹ ਦੇਣ



-ਸੁਰਜੀਤ ਸਿੰਘ ਫਲੋਰਾ-

ਬੱਚਿਆਂ ਨੂੰ ਦੋਵਾਂ ਮਾਪਿਆਂ ਦੀ ਲੋੜ ਹੁੰਦੀ ਹੈ। ਬੱਚਿਆਂ ਵਿੱਚ ਵੀ ਬਹੁਤ ਸਾਰੇ ਮਾਮਲਿਆਂ ਵਿੱਚ ਹਾਣੀਆਂ ਨਾਲ ਤੁਲਨਾ ਕਰਨ ਦੀ ਪ੍ਰਵਿਰਤੀ ਹੁੰਦੀ ਹੈ ਅਤੇ ਉਨ੍ਹਾਂ ਦੇ ਮਾਤਾ-ਪਿਤਾ ਦੂਜਿਆਂ ਦੇ ਸਮਾਨ ਹੋਣ ਦੀ ਉਮੀਦ ਰੱਖਦੇ ਹਨ।

ਇਸ ਵਿਚ ਕੋਈ ਸਵਾਲ ਨਹੀਂ ਹੈ ਕਿ ਸਭ ਤੋਂ ਮੌਜੂਦਾ ਅਤੇ ਸਹੀ ਖੋਜ ਦੇ ਅਨੁਸਾਰ ਤਲਾਕ ਨਾਟਕੀ ਢੰਗ ਨਾਲ ਬੱਚਿਆਂ ਨੂੰ ਪ੍ਰਭਾਵਿਤ ਕਰਦਾ ਹੈ.

ਤਲਾਕ ਨਾਲ ਸਿੱਝਣ ਵਿੱਚ ਆਪਣੇ ਬੱਚੇ ਦੀ ਮਦਦ ਕਰੋ - ਇਹ ਉਹਨਾਂ ਦੀ ਮਾਨਸਿਕ ਸਿਹਤ ਲਈ ਮਹੱਤਵਪੂਰਨ ਹੈ

ਮਨੋਵਿਗਿਆਨੀ ਮਾਇਕਲ ਜੱਸੋ ਦੇ ਅਨੁਸਾਰ, ਤਲਾਕ ਲੈਣ ਵਾਲੇ ਬੱਚੇ ਜਾਂ ਤਾਂ ਥੋੜ੍ਹੇ ਸਮੇਂ ਲਈ ਦੁਖੀ ਹੋ ਜਾਣਗੇ ਅਤੇ ਠੀਕ ਹੋ ਜਾਣਗੇ, ਜਾਂ ਤਲਾਕ ਦਾ ਪ੍ਰਭਾਵ ਉਨ੍ਹਾਂ ਦੀ ਸਾਰੀ ਜ਼ਿੰਦਗੀ ਲਈ ਇਕ ਬੁਰਾ ਸੁਪਨਾ ਬਣ ਕੇ ਉਹਨਾਂ ਦੇ ਭਵਿੱਖ 'ਚ ਅੱਗੇ ਵੱਧਣ ਲਈ ਹਮੇਸ਼ਾ ਰਾਹ ਦਾ ਰੋੜਾ ਬਣਿਆ ਰਹੇਗਾ।

ਜਦੋਂ ਵੀ ਇਹ ਵਾਪਰਦਾ ਹੈ, ਤਲਾਕ ਸ਼ਰਮ, ਗੁੱਸਾ, ਚਿੰਤਾ, ਡੂੰਘਾ ਨੁਕਸਾਨ ਅਤੇ ਤਿਆਗ ਦੇ ਡਰ, ਦੋਸ਼, ਉਦਾਸੀ, ਅਤੇ ਕਈ ਵਾਰ ਬਦਲਾ ਲੈਣ ਦੀ ਇੱਛਾ ਦੀਆਂ ਭਾਵਨਾਵਾਂ ਨੂੰ ਚਾਲੂ ਕਰਦਾ ਹੈ। ਜ਼ਿਆਦਾਤਰ ਮਾਮਲਿਆਂ ਵਿੱਚ, ਬੱਚੇ ਆਪਣੇ ਆਪ ਨੂੰ ਦੋਸ਼ੀ ਠਹਿਰਾਉਂਦੇ ਹਨ ਅਤੇ ਆਪਣੇ ਮਾਪਿਆਂ ਦੇ ਜੀਵਨ ਵਿੱਚ ਉਨ੍ਹਾਂ ਦੀ ਸਥਿਤੀ ਬਾਰੇ ਸਵਾਲ ਉਠਾਉਂਦੇ ਹਨ। ਉਦਾਹਰਨ ਲਈ, ਜਦੋਂ ਤੁਸੀਂ ਨਵੇਂ ਤਲਾਕਸ਼ੁਦਾ ਹੋ, ਤਾਂ ਤੁਹਾਡਾ ਬੱਚਾ ਤੁਹਾਨੂੰ ਇਹ ਦੱਸਣ ਲਈ ਕਹਿ ਸਕਦਾ ਹੈ ਕਿ ਕੀ ਤੁਹਾਡਾ ਵੱਖਰਾ ਪਤੀ .ਜਾਂ ਪਤਨੀ॥ ਅਜੇ ਵੀ ਉਹਨਾਂ ਨੂੰ ਪਿਆਰ ਕਰਦਾ ਹੈ। ਮਾਇਕਲ ਦਾ ਕਹਿਣਾ ਹੈ ਕਿ ਅਜਿਹੇ ਸਵਾਲ ਆਮ ਤੌਰ 'ਤੇ ਭਰੋਸੇ ਦੀ ਦੁਹਾਈ ਦਿੰਦੇ ਹਨ।

ਬੱਚਿਆਂ 'ਤੇ ਤਲਾਕ ਦੇ ਪ੍ਰਭਾਵ ਤਲਾਕ ਤੋਂ ਪਹਿਲਾਂ ਦੀ ਸਥਿਤੀ 'ਤੇ ਵੀ ਨਿਰਭਰ ਕਰਦਾ ਹੈ। ਪਰ ਵਿਚ ਹਮੇਸਾ ਲੜਾਈ ਝਗੜੇ, ਬੱਚਿਆਂ ਦੇ ਮਨ ਤੇ ਬਹੁਤ ਬੁਰਾ ਅਸਰ ਛੱਡ ਜਾਂਦੇ ਹਨ। ਮਨੋਵਿਗਿਆਨੀ ਮਾਇਕਲ ਦੇ ਅਨੁਸਾਰ, ਤਲਾਕ ਤੋਂ ਪਹਿਲਾਂ ਜਿਹੜੇ ਬੱਚੇ ਪਹਿਲਾਂ ਹੀ ਸਮੱਸਿਆਵਾਂ ਵਾਲੇ ਘਰਾਂ ਵਿੱਚ ਹੁੰਦੇ ਹਨ, ਉਹ ਆਮ ਤੌਰ 'ਤੇ ਜ਼ਿਆਦਾ ਦੁਖੀ ਹੁੰਦੇ ਹਨ। ਇਸ ਦੇ ਉਲਟ, ਜਿਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਬੰਦ ਦਰਵਾਜ਼ਿਆਂ ਪਿੱਛੇ ਬਹਿਸ ਕਰਦੇ ਹਨ ਜਾਂ ਲੜਦੇ ਹਨ, ਉਨ੍ਹਾਂ ਨੂੰ ਤਲਾਕ ਜਾਂ ਵੱਖ ਹੋਣ ਲਈ ਅਨੁਕੂਲ ਹੋਣ ਲਈ ਸਭ ਤੋਂ ਘੱਟ ਸਮਾਂ ਲੱਗਦਾ ਹੈ। ਮਾਤਾ-ਪਿਤਾ ਵਿਚਕਾਰ ਜਿੰਨੀ ਤੀਬਰ ਅਤੇ ਵਾਰ-ਵਾਰ ਬਹਿਸ ਅਤੇ ਝਗੜੇ ਹੁੰਦੇ ਹਨ, ਤਲਾਕ ਤੋਂ ਬਾਅਦ ਬੱਚਿਆਂ ਨੂੰ ਮਨੋਵਿਗਿਆਨਕ ਸਮੱਸਿਆਵਾਂ ਦਾ ਅਨੁਭਵ ਕਰਨ ਦੀ ਸੰਭਾਵਨਾ ਵੱਧ ਹੁੰਦੀ ਹੈ। ਘਰ ਵਿਚ ਮਾਰ ਪੀਟ ਜਾਂ ਜ਼ੁਬਾਨੀ ਲੜਾਈਆਂ ਦੇ ਗਵਾਹ ਹੋਣ ਵਾਲੇ ਬੱਚਿਆਂ ਵਿੱਚ ਜੋਖ਼ਮ ਹੋਰ ਵੀ ਜ਼ਿਆਦਾ ਹੁੰਦੇ ਹਨ, ਅਤੇ ਉਹ ਬੱਚੇ ਜੋ ਨਿਯਮਿਤ ਤੌਰ 'ਤੇ ਮਾਪੇ ਲੜਦੇ ਹਨ। "ਬੱਚਾ ਮਹਿਸੂਸ ਕਰ ਸਕਦਾ ਹੈ ਕਿ ਉਹ ਤਲਾਕ ਦਾ ਕਾਰਨ ਹਨ। ਅਜਿਹਾ ਬੱਚਾ ਤਲਾਕ ਲਈ ਆਪਣੇ ਆਪ ਨੂੰ ਦੋਸ਼ੀ ਠਹਿਰਾਉਂਦਾ ਹੈ, ਅਤੇ ਲੜਾਈ ਦਾ ਕਾਰਨ ਬਣਨ ਤੋਂ ਬਚਣ ਲਈ ਘਰੋਂ ਭੱਜ ਸਕਦਾ ਹੈ।

ਤਲਾਕ ਤੋਂ ਬਾਅਦ, ਮਾਪੇ ਇਸ ਬਾਰੇ ਸੋਚਣ ਲਈ ਆਪਣੇ ਦੁੱਖ ਅਤੇ ਖਾਲੀਪਣ ਵਿੱਚ ਬਹੁਤ ਜ਼ਿਆਦਾ ਧੱਸ ਜਾਂਦੇ ਹਨ ਪਰ ਬੱਚਿਆਂ ਤੇ ਇਸ ਦੇ ਅਸਰ ਬਾਰੇ ਬੇਖ਼ਰ ਹੋ ਜਾਂਦੇ ਹਨ। ਇਸੇ ਤਰ੍ਹਾਂ, ਉਨ੍ਹਾਂ ਨੂੰ ਆਪਣੇ ਬੱਚਿਆਂ ਨੂੰ ਇਹ ਦੱਸਣਾ ਆਮ ਤੌਰ 'ਤੇ ਅਜੀਬ ਅਤੇ ਸ਼ਰਮਨਾਕ ਲੱਗ ਸਕਦਾ ਹੈ ਕਿ ਉਨ੍ਹਾਂ ਨੇ ਤਲਾਕ ਕਿਉਂ ਹੋਇਆ ਹੈ। ਪਰ ਮਾਇਕਲ ਦੇ ਅਨੁਸਾਰ, ਮਾਪਿਆਂ ਲਈ ਆਪਣੇ ਬੱਚਿਆਂ ਨੂੰ ਭਰੋਸਾ ਦਿਵਾਉਣਾ ਬਹੁਤ ਜ਼ਰੂਰੀ ਹੈ ਕਿ ਤਲਾਕ ਜਾਂ ਵਿਛੋੜਾ ਮਾਪਿਆਂ ਦੀ ਦੇਖਭਾਲ, ਪਿਆਰ, ਭਾਵਨਾਤਮਕ,



ਸਮਾਜਿਕ ਅਤੇ ਸਰੀਰਕ ਵਿਕਾਸ ਨੂੰ ਨੁਕਸਾਨ ਨਹੀਂ ਪਹੁੰਚਾਏਗਾ। ਉਹਨਾਂ ਨਾਲ ਬੈਠ ਕੇ ਉਹਨਾਂ ਨੂੰ ਮਜਝਾਂਉਣਾ ਚਹਿੰਦਾ ਹੈ ਨਾ ਕਿ ਤਲਾਕ ਤੋਂ ਸ਼ਰਮਿੰਦਗੀ ਮਹਿਸੂਸ ਕਰਦੇ ਹੋਏ ਆਪਣੀ ਜਿਮੇਂਵਾਰੀ ਤੋਂ ਦੂਰ ਭੱਜਣਾ ਚਹਿੰਦਾ ਹੈ।

"ਤੁਹਾਨੂੰ ਬੱਚਿਆਂ ਦੀ ਖ਼ਾਤਰ ਇਕੱਠੇ ਰਹਿਣ ਦੀ ਲੋੜ ਨਹੀਂ ਹੈ, ਖ਼ਾਸਕਰ ਜਦੋਂ ਤੁਹਾਡੀ ਭਾਵਨਾਤਮਕ ਅਤੇ ਸਰੀਰਕ ਤੰਦਰੁਸਤੀ ਖ਼ਤਰੇ ਵਿੱਚ ਹੋਵੇ। ਇਸ ਨਾਲ ਨਫ਼ਰਤ ਅਤੇ ਘਰ ਦਾ ਮਹੌਲ ਹੋਰ ਖਰਾਬ ਹੋ ਸਕਦਾ ਹੈ।ਪਰ ਤੁਸੀਂ ਬੱਚੇ ਨੂੰ ਸਪੱਸ਼ਟੀਕਰਨ ਦੇ ਸਕਦੇ ਹੋ ਕਿ ਤੁਸੀਂ ਦੋਵੇਂ ਪਤੀ-ਪਤਨੀ ਦੇ ਰੂਪ ਵਿੱਚ ਹੁਣ ਇਕੱਠੇ ਕਿਉਂ ਨਹੀਂ ਰਹਿ ਸਕਦੇ।

ਤੁਹਾਨੂੰ ਆਪਣੇ ਬੱਚਿਆਂ ਨੂੰ ਤਲਾਕ ਦੇ ਨਜ਼ਦੀਕੀ ਵੇਰਵਿਆਂ ਦਾ ਖੁਲਾਸਾ ਕਰਨ ਦੀ ਲੋੜ ਨਹੀਂ ਹੈ। ਨਾਲ ਹੀ, ਵਿਆਖਿਆ ਦੇ ਦੌਰਾਨ ਇੱਕ ਮਾਤਾ-ਪਿਤਾ ਨੂੰ ਚਿੱਕੜ ਸੁੱਟਣ ਦੇ ਪਰਤਾਵੇ ਤੋਂ ਬਚਣਾ ਚਾਹਿੰਦਾ ਹੈ, ਜਿਸ ਦਾ ਬੱਚੇ ਦੀ ਮਾਨਸਿਕਤਾ ਅਤੇ ਭਵਿੱਖ ਤੇ ਬਹੁਤ ਬੁਰਾ ਅਸਰ ਪੈ ਸਕਦਾ ਹੈ।

ਇਹ ਸਵੀਕਾਰ ਕਰੋ ਕਿ ਸਮੇਂ-ਸਮੇਂ 'ਤੇ, ਦੋ ਘਰਾਂ ਵਿਚਕਾਰ ਜੂਝਣਾ ਤੁਹਾਡੇ ਬੱਚੇ ਨੂੰ ਭਾਰੂ ਪੈ ਸਕਦਾ ਹੈ ਤੇ ਉਸ ਦੀ ਮਾਨਸਿਕਤਾ ਤੇ ਅਸਰ ਕਰ ਸਕਦਾ ਹੈ। ਬੱਚੇ ਨੂੰ ਭਾਵਨਾਤਮਕ ਉਥਲ-ਪੁਥਲ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ ਜਦੋਂ ਤੁਹਾਡੇ ਜਾਂ ਤੁਹਾਡੇ ਸਾਬਕਾ ਪਤੀ ਦੁਆਰਾ ਇੱਕ ਨਵਾਂ ਸਾਥੀ ਤਸਵੀਰ ਵਿੱਚ ਲਿਆਇਆ ਜਾਂਦਾ ਹੈ। ਆਪਣੇ ਸਾਬਕਾ ਸਾਥੀ ਨਾਲ ਇਸ ਤਰੀਕੇ ਨਾਲ ਵਿਹਾਰ ਕਰੋ ਕਿ ਤੁਹਾਡੇ ਬੱਚੇ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਸੰਭਾਵੀ ਗਿਰਾਵਟ ਅਤੇ, ਜਾਂ ਤੁਹਾਡੇ ਦੋਵਾਂ ਵਿਚਕਾਰ ਝਗੜਿਆਂ ਤੋਂ ਬਚੇ ਰਹਿਣ।

ਸ਼ੁਰੂ ਕਰਨ ਲਈ, ਆਪਣੇ ਸਾਥੀ ਤੋਂ ਆਪਣੇ ਵਿਛੋੜੇ ਬਾਰੇ, ਸ਼ਾਂਤੀ ਨਾਲ ਸਹੀ ਸਮੇਂ ਦੀ ਇੰਤਜ਼ਾਰ ਕਰੋ ਅਤੇ ਇਸ ਵਾਰੇ ਆਪਣੇ ਬੱਚਿਆਂ ਨਾਲ ਪਹਿਲਾਂ ਚੰਗੀ ਤਰ੍ਹਾ ਬੈਠ ਕੇ ਗੱਲ ਸਾਂਝਿਆ ਕਰੋ ਤਾਂ ਜੋ ਉਹਨਾਂ ਦੀ ਮਾਨਸਿਕਤਾ ਜਾਂ ਭਵਿੱਖ ਤੇ ਬਹੁਤਾ ਅਸਰ ਨਾ ਪਵੇ। ਇਸ ਦੇ ਨਾਲ ਹੀ ਬੱਚੇ ਨੂੰ ਪਹਿਲ ਦੇ ਕੇ, ਤੁਸੀਂ ਉਨ੍ਹਾਂ ਨੂੰ ਤਲਾਕ ਦੇ ਨਤੀਜਿਆਂ ਤੋਂ ਬਚਾਉਂਦੇ ਹੋ ਜੋ ਹਿਰਾ-ਸਤ ਦੀਆਂ ਲੜਾਈਆਂ ਅਤੇ ਵਿਆਹ ਸੰਬੰਧੀ ਜਾਇਦਾਦ ਦੀ ਵੰਡ ਦੁਆਰਾ ਦਰਸਾਈ ਜਾਂਦੀ ਹੈ।

ਮਾਨਸਿਕ ਸਿਹਤ ਮਾਹਿਰ ਡਾਕਟਰ ਕ੍ਰਿਸਟਨ ਫੁਲਰ ਦੇ ਅਨੁਸਾਰ, ਤੁਹਾਡੇ ਲਈ ਤਲਾਕ ਤੋਂ ਬਾਅਦ ਵੀ ਤੁਹਾਡੇ ਬੱਚਿਆਂ ਦੇ ਆਦੀ ਹੋਣ ਦੇ ਕਾਰਜਕ੍ਰਮ ਨੂੰ ਕਾਇਮ ਰੱਖਣਾ ਤੁਹਾਡੇ ਲਈ ਮਹੱਤਵਪੂਰਨ ਹੋਵੇਗਾ। "ਜਿੰਨਾ ਸੰਭਵ ਹੋ ਸਕੇ ਭੋਜਨ, ਖੇਡਣ ਦੇ ਸਮੇਂ ਅਤੇ ਸਕੂਲ ਤੋਂ ਬਾਅਦ ਦੀਆਂ ਗਤੀਵਿਧੀਆਂ ਲਈ ਇੱਕੋ ਸਮਾਂ-ਸਾਰਣੀ ਬਣਾਈ ਰੱਖੋ। ਰੋਜ਼ਾਨਾ ਅਤੇ ਹਫਤਾਵਾਰੀ ਰੁਟੀਨ ਰੱਖੋ, ਸੀਮਾਵਾਂ ਨਿਰਧਾਰਤ ਕਰੋ, ਅਤੇ ਅਨੁਸ਼ਾਸਨ ਪ੍ਰਣਾਲੀ ਦਾ ਅਭਿਆਸ ਕਰਦੇ ਰਹਿਣਾ ਚਾਹਿੰਦਾ ਹੈ। ਇਹ ਬੱਚਿਆਂ ਨੂੰ ਧਿਆਨ ਕੇਂਦਰਿਤ ਰੱਖਣ ਅਤੇ ਮੁਸ਼ਕਲਾਂ ਤੋਂ ਦੂਰ ਰੱਖਣ ਵਿੱਚ ਮਦਦ ਕਰਦਾ ਹੈ।

ਬੱਚਿਆਂ 'ਤੇ ਮਾਪਿਆਂ ਦੇ ਤਲਾਕ ਦੇ ਕੁਝ ਪ੍ਰਭਾਵਾਂ ਵਿੱਚ ਸ਼ਾਮਲ ਹਨ ਜਿਵੇਂ ਕਿ, ਨੁਕਸਾਨ ਅਤੇ ਪਛਾਣ ਸੰਕਟ: ਬੱਚਾ ਆਪਣੀ ਪਛਾਣ ਸਥਾਪਤ ਕਰਨ ਵਿੱਚ ਅਸਫਲ ਰਹਿੰਦਾ ਹੈ ਜਿਵੇਂ ਕਿ ਉਹ ਦੋਨਾਂ ਮਾਪਿਆਂ ਨਾਲ ਕਰੇਗਾ ਕਿਉਂਕਿ ਉਸਦੇ ਵਿਕਾਸ ਵਿੱਚ ਇੱਕ ਮਾਤਾ ਜਾਂ ਪਿਤਾ ਦਾ ਯੋਗਦਾਨ ਘਟ ਜਾਂਦਾ ਹੈ।

ਡਿਪਰੈਸ਼ਨ: ਇਹ ਭੁੱਖ ਦੀ ਕਮੀ, ਨੀਂਦ ਵਿੱਚ ਵਿਘਨ ਜਿਵੇਂ ਰਾਤ ਨੂੰ ਡੂੰਘੀ ਸ਼ੁਰੂਆਤ ਨਾਲ ਜਾਗਣ ਦੁਆਰਾ ਪ੍ਰਦਰਸ਼ਿਤ ਕੀਤਾ ਜਾ ਸਕਦਾ ਹੈ।

ਭਾਵਨਾਤਮਕ ਅਸੰਤੁਲਨ: ਅਸਪਸ਼ਟ ਚਿੰਤਾ, ਚਿੰਤਾ, ਚਿੜਚਿੜੇਪਨ, ਅਤੇ ਲਗਾਤਾਰ ਰੋਣਾ ਸ਼ਾਮਲ ਹੈ।

ਵਿਵਹਾਰ ਸੰਬੰਧੀ ਕਮੀਆਂ: ਬੱਚਾ ਬਾਗ਼ੀ ਹੋ ਜਾਂਦਾ ਹੈ, ਭੈਣ-ਭਰਾ, ਦੋਸਤਾਂ ਜਾਂ ਇੱਥੋਂ ਤੱਕ ਕਿ ਸਹਿਪਾਠੀਆਂ ਪ੍ਰਤੀ ਬਹੁਤ ਜ਼ਿਆਦਾ ਹਮਲਾਵਰ ਹੋ ਜਾਂਦਾ ਹੈ।

ਮਾੜੀ ਅਕਾਦਮਿਕ ਕਾਰਗੁਜ਼ਾਰੀ: ਸਕੂਲ ਵਿੱਚ ਬੱਚੇ ਦਾ ਪ੍ਰਦਰਸ਼ਨ ਪਿੱਛੇ ਹਟ ਜਾਂਦਾ ਹੈ। ਉਸ ਨੂੰ ਅਨੁਸ਼ਾਸਨ ਦੀਆਂ ਸਮੱਸਿਆਵਾਂ ਵੀ ਹੋਣ ਲੱਗਦੀਆਂ ਹਨ। ਤੇ ਪੜ੍ਹਾਈ ਵਿਚ ਪਿਛੇ ਰਹਿ ਜਾਂਦੇ ਹਨ। ਜੋ ਕੋਈ ਵੀ ਮਾਂ ਬਾਪ ਨਹੀਂ ਚਾਹੇਗਾ।

ਰਿਸ਼ਤੇ ਦੀਆਂ ਸਮੱਸਿਆਵਾਂ: ਜਵਾਨੀ ਵਿੱਚ, ਨੌਜਵਾਨ ਨੂੰ ਡੇਟਿੰਗ, ਵਿਆਹ, ਜਾਂ ਵਿਆਹੁਤਾ ਰਿਸ਼ਤੇ ਦੀਆਂ ਸਮੱਸਿਆਵਾਂ ਹੋ ਸਕਦੀਆਂ ਹਨ।

ਆਪਣੇ ਬੱਚੇ ਦੇ ਵਿਕਾਸ ਵਿੱਚ ਹਿੱਸਾ ਲਓ, ਇਹ ਯਕੀਨੀ ਬਣਾਉ ਕਿ ਉਹ ਜੋ ਸਮਝਦਾ ਹੈ ਕਿ ਤੁਸੀਂ ਅਜੇ ਵੀ ਉਸਦੇ ਮਾਤਾ-ਪਿਤਾ ਹੋ। ਜੇਕਰ ਤੁਹਾਡਾ ਬੱਚਾ ਵੱਡਾ ਹੈ, ਤਾਂ ਉਸਨੂੰ ਇਹ ਜਾਣਨ ਦੀ ਲੋੜ ਹੋ ਸਕਦੀ ਹੈ ਕਿ ਤੁਹਾਨੂੰ ਤਲਾਕ ਕਿਉਂ ਲੈਣਾ ਪਿਆ। ਹਾਲਾਂਕਿ, ਜਿਵੇਂ ਕਿ ਤੁਸੀਂ ਸਮਝਾਉਂਦੇ ਹੋ, ਵੇਰਵਿਆਂ ਵਿੱਚ ਜਾਣ ਦੀ ਇੱਛਾ ਦਾ ਵਿਰੋਧ ਕਰਦੇ ਹੋਏ ਨੈਤਿਕਤਾ ਦੀ ਪਾਲਣਾ ਕਰੋ ਅਤੇ, ਜਾਂ ਆਪਣੇ ਸਾਬਕਾ ਸਾਥੀ ਨੂੰ ਬੁਰਾ ਸਾਬਿਤ ਕਰਨ ਦੀ ਕੋਸ਼ਿਸ਼ ਨਾ ਕਰੋ। ਜਿਸ ਨਾਲ ਉਸ ਦੇ ਮਨ ਵਿਚ ਆਪਣੇ ਭਵਿੱਖ ਵਿਚ ਆਪਣਾ ਜੀਵਨ ਸਾਥੀ ਚੁਨਣ ਵਿਚ ਬਹੁਤ ਮੁਸ਼ਕਲ ਹੋ ਸਕਦੀ ਹੈ, ਦੂਜੇ ਸਾਥੀ ਪ੍ਰਤੀ ਸੋਚ ਗਲਤ ਹੋ ਸਕਦੀ ਹੈ, ਉਹ ਸਮਝੇਗਾ ਕਿ ਸਭ ਇਕੋ ਤਰ੍ਹਾਂ ਦੇ ਹੀ ਹੁੰਦੇ ਹਨ।

ਆਪਣੇ ਬੱਚੇ ਨੂੰ ਪਿਆਰ ਅਤੇ ਸਨੇਹ ਦਿਖਾਉ: ਜ਼ਿਆਦਾਤਰ ਬੱਚੇ ਇਹ ਮੰਨਦੇ ਹਨ ਕਿ ਉਹ ਆਪਣੇ ਮਾਪਿਆਂ ਦੇ ਵਿਛੋੜੇ ਦਾ ਕਾਰਨ ਹਨ ਅਤੇ ਉਨ੍ਹਾਂ ਨੂੰ ਤੁਹਾਡੇ ਤੋਂ ਸਪੱਸ਼ਟ ਤੌਰ 'ਤੇ ਇਹ ਸੁਣਨ ਦੀ ਜ਼ਰੂਰਤ ਹੈ ਕਿ ਉਹ ਇਸ ਦਾ ਕਾਰਨ ਨਹੀਂ ਹਨ ਜਿਸ ਕਾਰਨ ਤੁਹਾਨੂੰ ਤਲਾਕ ਲੈਣਾ ਪਿਆ।

ਇੱਕ ਰੁਟੀਨ ਰੱਖੋ ਅਤੇ ਪਾਲਣਾ ਕਰੋ: ਤੁਹਾਡਾ ਬੱਚਾ ਵਧੇਰੇ ਸੁਰੱਖਿਅਤ ਮਹਿਸੂਸ ਕਰੇਗਾ ਜੇਕਰ ਉਸਦੇ ਆਲੇ ਦੁਆਲੇ ਇੱਕ ਮਿਆਰੀ ਰੁਟੀਨ ਹੈ। ਉਦਾਹਰਨ ਲਈ, ਸੌਣ ਦਾ ਸਮਾਂ ਰੱਖੋ ਜਿਵੇਂ ਤੁਸੀਂ ਪਹਿਲਾਂ ਕੀਤਾ ਸੀ ਜਾਂ ਉਹਨਾਂ ਲਈ ਕੁਝ ਇਕਸਾਰ ਕੰਮ ਕਰੋ।

ਆਪਣੇ ਸਾਬਕਾ ਸਾਥੀ ਦਾ ਆਦਰ ਕਰੋ: ਧਿਆਨ ਦਿਉ ਕਿ ਇਹ ਤੁਸੀਂ ਦੋਵੇਂ ਹੀ ਹੋ ਜਿਨ੍ਹਾਂ ਨੇ ਤਲਾਕ ਲਿਆ ਹੈ ਨਾ ਕਿ ਤੁਹਾਡੇ ਬੱਚੇ ਅਤੇ ਉਸਦੇ ਪਿਤਾ ਨੇ। ਜੇ ਹੋ ਸਕੇ, ਤਾਂ ਉਸ ਦਾ ਆਦਰ ਰੱਖੋ, ਇਹ ਧਿਆਨ ਵਿਚ ਰੱਖੋ ਕਿ ਉਹ ਬੱਚੇ ਲਈ ਬਹੁਤ ਮਾਇਨੇ ਰੱਖਦਾ ਹੈ।

# ਕਦੋਂ ਰੁਕੇਗੀ ਦਿੱਲੀ 'ਚ ਦਰਿੰਦਗੀ

ਦਿੱਲੀ ਭਾਰਤ ਦਾ ਦਿਲ, ਭਾਰਤ ਦੀ ਰਾਜਧਾਨੀ। ਇੱਕ ਅਜਿਹਾ ਸ਼ਹਿਰ ਜਿੱਥੇ ਭਾਰਤ ਦੇ ਕਾਨੂੰਨਾ ਦੇ ਸਭ ਤੋਂ ਵੱਡੇ ਅਦਾਰੇ ਹਨ। ਅਜਿਹੀ ਜਗ੍ਹਾ ਜਿੱਥੇ ਭਾਰਤ ਦੀ ਹਕੂਮਤ ਰਹਿੰਦੀ ਹੈ। ਇੱਕ ਅਜਿਹਾ ਸਥਾਨ ਜਿੱਥੇ ਦੇਸ਼ ਦੇ ਵੱਡੇ ਫ਼ੈਸਲੇ ਲਏ ਜਾਂਦੇ ਹਨ। ਦਿਨ ਰਾਤ ਚਹਿਲ ਪਹਿਲ ਤੇ ਤਮਾਮ ਲੋਕਾਂ ਨਾਲ ਖਚਾਖਚ ਭਰਿਆ ਇਹ ਸ਼ਹਿਰ ਜਿੰਨਾ ਵੱਡਾ ਮਾਣ ਆਪਣੇ ਕੋਲ ਰੱਖੀ ਬੈਠਾ ਹੈ, ਸਮਾਂ ਗਵਾਹ ਹੈ ਕਿ ਉਨੇ ਜਿਆਦਾ ਘਿਨੋਣੇ ਕੰਮ ਇਸ ਧਰਤੀ ਤੇ ਹੁੰਦੇ ਰਹੇ। ਸਿੱਖਾਂ ਦੇ ਨੌਵੇਂ ਗੁਰੂ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਹੋਵੇ, ਚਾਹੇ ਚੁਰਾਸੀ ਦਾ ਖ਼ੂਨ ਖਰਾਬਾ , ਚਾਹੇ ਔਰਤਾਂ ਦੀਆਂ ਇੱਜ਼ਤਾਂ ਲੀਰੋ ਲੀਰ ਹੋਣੀਆਂ ਹੋਣ, ਮੌਤ, ਅਪਮਾਨ, ਸ਼ਰੀਰਕ, ਮਾਨਸਿਕ ਹਰ ਤਰ੍ਹਾਂ ਦਾ ਜ਼ੁਲਮ ਇਸ ਧਰਤੀ ਤੇ ਹੋਇਆ ਹੈ।

ਇੱਕ ਅਜਿਹਾ ਸ਼ਹਿਰ ਜਿੱਥੇ ਲੋਕ ਆਪਣੀਆਂ ਬੇਟੀਆਂ ਨੂੰ ਰਾਤ ਬਾਹਰ ਇੱਕਲਿਆਂ ਜਾਣ ਤੋਂ ਰੋਕਦੇ ਹਨ। ਇੱਕ ਅਜਿਹਾ ਸ਼ਹਿਰ ਜਿੱਥੇ ਔਰਤ ਬਿਲਕੁਲ ਵੀ ਮਹਿਫ਼ੂਜ਼ ਨਹੀਂ । ਇਹ ਸਾਡੇ ਦੇਸ਼ ਦੀ ਜਮੀਨੀ ਹਕੀਕਤ ਹੈ, ਅਸੀਂ ਕਿੰਨਾ ਵੀ ਕਹਿ ਲਈਏ ਕਿ ਭਾਰਤ ਨੇ ਬਹੁਤ ਤਰੱਕੀ ਕਰ ਲਈ ਪਰ ਸਭ ਫੋਕਾ ਦਿਖਾਵਾ। ਅੱਜ ਵੀ ਅਸੀਂ ਗੁਲਾਮ ਹਾਂ, ਸੌੜੀ ਸੋਚ ਦੇ ਕੁਚੱਜੀ ਵਿਚਾਰਧਾਰਾ ਦੇ!ਨਿਰਭਿਆ ਵਰਗੀਆਂ ਪਤਾ ਨਹੀਂ ਕਿੰਨੀਆਂ ਕੁ ਲੜਕੀਆਂ ਅੱਜ ਤੱਕ ਬਲਾਤਕਾਰ ਦਾ ਸ਼ਿਕਾਰ ਹੋ ਚੁੱਕੀਆਂ ਹਨ। ਹਵਸ਼ ਦੇ ਭੁੱਖੇ ਲਾਲਚੀ ਭੇੜੀਏ ਕਿਸੇ ਵੀ ਰਾਹ ਜਾਂਦੀ ਧੀ ਦੀ ਜਿੰਦਗੀ ਨਾਲ ਖਿਲਵਾੜ ਕਰ ਜਾਂਦੇ ਹਨ ਤੇ ਤੇ ਸਾਡਾ ਕਾਨੂੰਨ ਸਿਰਫ਼ ਮੂੰਹ ਚੁੱਕੀ ਵੇਖਦਾ ਰਹਿੰਦਾ ਹੈ।

ਪਤਾ ਨਹੀਂ ਕਿੰਨੇ ਕੁ ਮਾਂ ਬਾਪ ਆਪਣੀਆ ਜਾਨੋ ਪਿਆਰੀਆਂ ਧੀਆਂ ਨੂੰ ਗਵਾ ਚੁੱਕੇ ਹਨ। ਇਸੇ ਤਰ੍ਹਾਂ ਇੱਕ ਤਾਜ਼ਾ ਮਸਲਾ 26 ਜਨਵਰੀ ਦੇ ਦਿਨ ਸਾਹਮਣੇ ਆਇਆ।ਜਿੱਥੇ ਪੂਰਾ ਦੇਸ਼ ਗਣਤੰਤਰ ਦਿਵਸ ਮਨ੍ਹਾ ਰਿਹਾ ਸੀ, ਉੱਥੇ ਦਿੱਲੀ ਦੀਆਂ ਗਲੀਆਂ 'ਚ ਇਕ ਕੁੜੀ ਦੀ ਇੱਜ਼ਤ ਤਾਰ-ਤਾਰ ਹੋ ਰਹੀ ਸੀ। ਮੈਨੂੰ ਲੱਗਦਾ ਕਿ ਇਸ ਤੋਂ ਵੱਡੀ ਤ੍ਰਾਸਦੀ ਸਾਡੇ ਦੇਸ਼ ਦੇ ਕਾਨੂੰਨ ਲਈ ਹੋਰ ਕੋਈ ਨਹੀਂ ਹੋ ਸਕਦੀ ਕਿ ਜਿਸ ਦਿਨ ਅਸੀਂ ਇਹਨਾਂ ਕਾਨੂੰਨਾ ਦੇ ਹੋਂਦ ਵਿੱਚ ਆਉਣ ਦਾ ਜਸ਼ਨ ਮਨਾ ਰਹੇ ਸੀ,ਉਸੇ ਦਿਨ ਉਸੇ ਸ਼ਹਿਰ ਵਿੱਚ ਉਹਨਾਂ ਕਾਨੂੰਨਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਸੀ।ਦਿੱਲੀ 'ਚ 20 ਸਾਲਾ ਇਕ ਕੁੜੀ ਨੂੰ ਅਗਵਾ ਕਰ ਕੇ ਪਹਿਲਾਂ ਸਮੂਹਕ ਜਬਰ ਜ਼ਨਿਾਹ ਕੀਤਾ ਗਿਆ ਅਤੇ ਫਿਰ ਉਸ ਨਾਲ ਬਦਸਲੂਕੀ ਅਤੇ ਵਾਲ ਕੱਟ ਕੇ ਸੜਕਾਂ 'ਤੇ ਘੁਮਾਇਆ ਗਿਆ। ਇਸ ਦਾ ਇਕ ਸ਼ਰਮਨਾਕ ਵੀਡੀਓ ਵੀ ਸਾਹਮਣੇ ਆਇਆ ਹੈ, ਜਿਸ 'ਚ ਕੁਝ ਔਰਤਾਂ ਵੀ ਦਿਖਾਈ ਦੇ ਰਹੀਆਂ ਹਨ।

ਇਸ ਮਸਲੇ ਵਿੱਚ ਇੱਕ ਔਰਤ ਉੱਪਰ ਇੱਕ ਨਹੀਂ ਬਲਕਿ ਪਤਾ ਨਹੀਂ ਕਿੰਨੇ ਕੁ ਜ਼ੁਲਮ ਢਾਹੇ ਗਏ। ਸਮੂਹਿਕ ਜਬਰ ਜਨਾਹ ਕੀਤਾ ਗਿਆ, ਮਾਰ ਕੁਟਾਈ ਕੀਤੀ ਗਈ, ਇੱਥੇ ਹੀ ਬਸ ਨਹੀਂ ਉਸਦੀ ਮਰਜ਼ੀ ਤੋਂ ਬਿਨਾਂ ਉਸ ਦੇ ਕੇਸ



ਹਰਕੀਰਤ ਕੌਰ

ਕਤਲ ਕੀਤੇ ਗਏ, ਕਈ ਅਜਿਹੀਆਂ ਹਰਕਤਾਂ ਕੀਤੀਆਂ ਗਈਆਂ ਜਿੰਨਾ ਸਾਹਮਣੇ ਇਨਸਾਨੀਅਤ ਸ਼ਰਮਸ਼ਾਰ ਹੋ ਜਾਂਦੀ, ਕਿਸ ਤਰ੍ਹਾਂ ਦਾ ਭਾਣਾ ਵਰਤਿਆ ਕਿ ਉਸ ਔਰਤ ਤੇ ਏਨਾਂ ਜ਼ੁਲਮ ਢਾਹ ਕੇ ਫਿਰ ਉਸਦਾ ਮੂੰਹ ਕਾਲਾ ਕਰ ਦੁਨੀਆਂ ਵਿੱਚ ਜਲੂਸ ਕੱਢਿਆ ਗਿਆ, ਜਿੱਥੇ ਇੱਕ ਪਾਸੇ ਦਿੱਲੀ ਵਿੱਚ ਪਰੇਡ ਹੋ ਰਹੀ ਹੋਵੇਗੀ, ਭਾਰਤ ਦੇ ਗੌਰਵ ਦੀਆਂ ਝਲਕੀਆਂ ਕੱਢੀਆਂ ਜਾ ਰਹੀਆਂ ਹੋਣਗੀਆਂ ਉੱਥੇ ਦੂਸਰੇ ਪਾਸੇ ਇੱਕ ਔਰਤ ਦੀ ਪਰੇਡ ਹੋ ਰਹੀ ਸੀ, ਜਿਸ ਨੂੰ ਦੁਨੀਆਂ ਸਾਹਮਣੇ ਅਪਮਾਨਿਤ ਕੀਤਾ ਜਾ ਰਿਹਾ ਸੀ।

ਇਸ ਤੋਂ ਇਲਾਵਾ ਸਾਡੇ ਸਮਾਜ ਦਾ ਇੱਕ ਹੋਰ ਚਿਹਰਾ ਸਾਨੂੰ ਵੇਖਣ ਨੂੰ ਮਿਲਿਆ ਕਿ ਔਰਤ ਹੀ ਔਰਤ ਦੀ ਦੁਸ਼ਮਣ ਬਣੀ ਹੋਈ ਹੈ। ਇਸ ਮਸਲੇ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਵਿੱਚ ਔਰਤਾਂ ਦੀ ਗਿਣਤੀ ਜਿਆਦਾ ਹੈ । ਜੋ ਕਿ ਤਮਾਮ ਦੇਸ਼ ਦੁਨੀਆਂ ਦੇ ਔਰਤ ਜਗਤ ਨੂੰ ਸ਼ਰਮਿੰਦਿਆਂ ਕਰਦੀ ਹੈ। ਜੇਕਰ ਔਰਤ .... ਔਰਤ ਦੇ ਹੱਕ ਵਿੱਚ ਭੁਗਤ ਜਾਵੇ ਤਾਂ ਔਰਤਾਂ ਉੱਪਰ ਹੋਣ ਵਾਲੇ ਬਹੁਤ ਸਾਰੇ ਜ਼ੁਲਮਾਂ ਨੂੰ ਢੱਲ ਪਾਈ ਜਾ ਸਕਦੀ ਹੈ । ਭਾਵੇਂ ਉਹ ਘਰੇਲੂ ਹੋਣ ਚਾਹੇ ਸਮਾਜਿਕ। ਦੂਸਰਾ ਪੱਖ ਜੋ ਇੱਥੇ ਵੇਖਣ ਨੂੰ ਮਿਲਿਆ ਕਿ ਉਸ ਲੜਕੀ ਦੇ ਬਿਨਾ ਮਰਜ਼ੀ ਤੋਂ ਕੇਸ ਕਤਲ ਗਏ, ਜੋ ਕਿ ਉਸਦੀ ਧਾਰਮਿਕ ਸੁਤੰਤਰ ਉੱਪਰ ਸੱਟ ਸੀ। ਇਹ ਇੱਕ ਅਜਿਹੀ ਘਟਨਾ ਹੈ ਜਿਸਨੇ ਹਰ ਸੰਵੇਦਨਸ਼ੀਲ ਮਨੁੱਖ ਦੀ ਰੂਹ ਨੂੰ ਝੰਜੋੜ ਦਿੱਤਾ । ਇਹ ਕੋਈ ਪਹਿਲੀ ਘਟਨਾ ਨਹੀਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਨਿੱਤ ਆਪਣੀ ਪੱਤ ਲੀਰੋ ਲੀਰ ਕਰਵਾਉਂਦੀਆਂ ਹਨ, ਹੈਰਾਨਗੀ ਦੀ ਗੱਲ ਵੇਖੋ ਇੱਕ ਔਰਤ ਉੱਪਰ ਜੁਲਮ ਕੀਤਾ ਜਾਂਦਾ, ਫਿਰ ਉਸਦਾ ਸਾਥ ਦੇਣ ਦੀ ਬਜਾਇ ਉਸਨੂੰ ਸਮਾਜ ਤੋਂ ਬਿਲਕੁਲ ਅਲੱਗ ਕਰ ਦਿੱਤਾ ਜਾਂਦਾ, ਉਸ ਵੱਲ ਇਸ ਨਜ਼ਰ ਨਾਲ ਦੇਖਿਆ ਜਾਂਦਾ ਕਿ ਜੇਕਰ ਉਸ ਨਾਲ ਬਲਾਤਕਾਰ ਹੋਇਆ ਤਾਂ ਉਸ ਵਿੱਚ ਵੀ ਉਸਦਾ ਕਸੂਰ ਹੈ। ਪਹਿਲਾਂ ਸਰੀਰਕ ਤਸ਼ੱਦਦ, ਫਿਰ ਮਾਨਸਿਕ ਤੇ ਹਾਲੇ ਅਸੀਂ ਆਪਣੇ ਦੇਸ਼ ਨੂੰ ਇੱਕ ਸੱਭਿਅਕ ਦੇਸ਼ ਕਹਿੰਦੇ ਹਾਂ।

ਇਹ ਸਵਾਲ ਹੈ ਤਮਾਮ ਉਹਨਾਂ ਕਾਨੂੰਨ ਦੇ ਰਖਵਾਲਿਆਂ ਲਈ ਕਿ ਕਿਉਂ ਉਹ ਅਸਫਲ ਰਹਿੰਦੇ ਨੇ ਇੱਕ ਨਿਰੋਆ ਸਮਾਜ ਸਿਰਜਣ ਵਿੱਚ। ਕਿਉਂ ਦਿੱਲੀ ਦੀ ਦਰਿੰਦਗੀ ਕਦੇ ਠੱਲਦੀ ਨਹੀਂ। ਕਿਉਂਕਿ ਮਨੁੱਖੀ ਅਧਿਕਾਰਾਂ ਦਾ ਪਤਨ ਸ਼ਰੇਆਮ ਹੁੰਦਾ ਹੈ? ਕਿਉਂ ਇੱਕ ਔਰਤ ਕੋਲ ਜਿਊਣ ਦਾ ਹੱਕ ਖੋਹ ਲਿਆ ਜਾਂਦਾ ਹੈ ਤੇ ਛੱਡ ਦਿੱਤਾ ਜਾਂਦਾ ਹੈ ਉਸਨੂੰ ਅਧਮੋਈ ਜਿੰਦਗੀ ਜਿਊਣ ਲਈ।

ਇਹ ਘਟਨਾ ਧਾਰਮਿਕ ਸਮਾਜਿਕ ਭਾਵਨਾਵਾਂ ਨੂੰ ਧੁਰ ਅੰਦਰ ਤੱਕ ਹਿਲਾਉਣ ਵਾਲੀ ਘਟਨਾ ਹੈ। ਜੇਕਰ ਸਮਾਜ ਤੇ ਧਰਮ ਦੇ ਸਿਰਮੌਰ ਆਗੂਆਂ ਨੇ ਇਸ ਮਸਲੇ ਬਾਰੇ ਸੰਜੀਦਗੀ ਨਾਲ ਨਾ ਸੋਚਿਆ ਤਾਂ ਉਹਨਾਂ ਨੂੰ ਵੀ ਹੋਰਾਂ ਵਾਂਗ ਆਮ ਲੋਕਾਂ ਵਾਂਗ ਬੈਠ ਜਾਣਾ ਚਾਹੀਦਾ ਹੈ।

ਅਸੀਂ ਇਸ ਸਮਾਜ ਦਾ ਹਿੱਸਾ ਹਾਂ, ਤਮਾਸ਼ਬੀਨ ਨਾ ਬਣੀਏ ਦਿੱਲੀ ਵਿੱਚ ਲੱਗੀ ਅੱਗ ਦਾ ਸੇਕ ਅੱਜ ਤੱਕ ਸਾਡੇ ਹੱਡਾਂ ਨੂੰ ਲੂਸਦਾ ਹੈ, ਯਾਦ ਰੱਖਿਓ ਅੱਜ ਕਿਸੇ ਦੀ ਧੀ ਭੈਣ ਇਹਨਾਂ ਜੁਲਮਾਂ ਦੀ ਸ਼ਿਕਾਰ ਹੋਈ ਹੈ, ਕੱਲ ਨੂੰ ਪਤਾ ਨਹੀਂ ਕਿਸਦੀ ਵਾਰੀ ਆ ਜਾਵੇ।

ਆਪਣੀ ਜਿੰਮੇਵਾਰੀ ਸਮਝੀਏ, ਸਰਕਾਰਾਂ ਨੂੰ, ਕਾਨੂੰਨ ਨੂੰ, ਸਮਾਜ ਨੂੰ, ਧਰਮਾਂ ਨੂੰ ਉਹਨਾਂ ਦੀਆਂ ਜਿੰਮੇਵਾਰੀਆਂ ਦਾ ਅਹਿਸਾਸ ਕਰਵਾਈਏ।

ਆਪਣੇ ਆਪ ਨੂੰ ਕਾਨੂੰਨ ਦੇ ਰਖਵਾਲੇ , ਲੋਕਾਂ ਦੇ ਸੇਵਕ ਕਹਿਣ ਵਾਲਿਆਂ ਨੂੰ ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ। ਉਹ ਦੇਸ਼ ਜਿਸਦੀ ਰਾਜਧਾਨੀ ਵਿੱਚ ਹੀ ਔਰਤਾਂ ਮਹਿਫ਼ੂਜ਼ ਨਹੀਂ ਕਿਵੇਂ ਇੱਕ ਚੰਗਾ ਲੋਕਤੰਤਰੀ ਦੇਸ਼ ਅਖਵਾ ਸਕਦਾ ਹੈ? ਇਹਨਾਂ ਜ਼ੁਲਮਾਂ ਦੀ ਅੱਗ ਨੂੰ ਸਿਆਣਪ, ਸੁਚੱਜੀ ਅਗਵਾਈ ਰੂਪੀ ਪਾਣੀ ਪਾ ਬੁਝਾਇਆ ਜਾ ਸਕਦਾ ਹੈ ਨਹੀਂ ਤਾਂ ਇਹ ਸਵਾਲ ਹਮੇਸ਼ਾ ਰਹੇਗਾ ਕਿ ਆਖਰ ਕਦੋਂ ਰੁੱਕੇਗੀ ਦਿੱਲੀ ਵਿੱਚ ਦਰਿੰਦਗੀ?

ਆਓ ਵਿਚਾਰ ਕਰੀਏ

# ਅੱਜ ਤੱਕ ਦਾ ਰਾਜਸੀ ਢਾਂਚਾ ਦੇਖਿਆਂ ਬਦਲਕੇ ਦੇਖਣਾ ਪਵੇਗਾ

ਦਲੀਪ ਸਿੰਘ ਵਾਸਨ,
ਐਡਵੋਕੇਟ

ਅੰਗਰੇਜ਼ ਸਾਮਰਾਜੀਆਂ ਨੇ ਇਸ ਮੁਲਕ ਉਤੇ ਕਬਜ਼ਾ ਕਰ ਰਖਿਆ ਸੀ ਅਤੇ ਤਕਰੀਬਨ ਇੱਕ ਸਕਦੀ ਉਹ ਇਸ ਦੇਸ ਨੂੰ ਆਪਣੇ ਮੁਲਕ ਦੀ ਇਕ ਬਸਤੀ ਬਣਾਕੇ ਮੁਲਾਜ਼ਮਾਂ ਰਾਹੀਂ ਰਾਜ ਵੀ ਕਰ ਗਏ ਸਨ। ਅਸਾਂ ਇਹ ਵੀ ਦੇਖਿਆ ਕਿ ਇਹ ਜਿਹੜਾ ਵੀ ਅਜ ਸਾਡੇ ਮੁਲਕ ਵਿੱਚ ਪ੍ਰਬੰਧਕੀ, ਮਿਲਟਰੀ, ਪੁਲਿਸ, ਅਦਾਲਤੀ ਢਾਂਚਾ ਹੈ ਉਹੀ ਚਲਦਾ ਆ ਰਿਹਾ ਹੈ। ਅਸਾਂ ਇਹ ਵੀ ਦੇਖਿਆ ਹੈ ਕਿ ਇਹ ਜਿਹੜਾ ਮੁਲਕ ਅਜ ਬਣਿਆ ਪਿਆ ਹੈ ਇਸਦੀਆਂ ਬੁਨਿਆਦਾ ਵੀ ਅੰਗਰੇਜ਼ ਹੀ ਬਣਾ ਗਏਸਨ ਅਤੇ ਅੰਗਰੇਜ਼ਾਂ ਨੇ ਹੀ ਕੁਝ ਐਸੇ ਕਾਰਨ ਖੜੇ ਕਰ ਦਿਤੇ ਸਨ ਕਿ ਇਸ ਦੇਸ਼ ਦਾ ਬਟਵਾਰਾ ਹੋ ਗਿਆ ਸੀ ਅਤੇ ਇਸ ਮੁਲਕ ਵਿੱਚਜਿਹੜੀਆਂ ਰਿਆਸਤਾਂ ਉਨ੍ਹਾਂ ਅਧਹੀਨ ਸਨ ਉਨ੍ਹਾਂ ਨੂੰ ਜਾਣ ਲਗਿਆ ਆਜ਼ਾਦੀ ਵੀਦੇ ਗਏ ਸਨ ਕਿ ਉਹ ਭਾਰਤ ਜਾਂ ਪਾਕਿਸਤਨ ਨਾਲ ਮਿਲ ਸਕਦੀਆਂ ਹਨ।

ਅਸਾਂ ਇਹ ਵੀ ਦੇਖਿਆ ਹੈ ਕਿ ਅੰਗਰੇਜ਼ ਜਾਣ ਲਗਿਆਂ ਰਾਜ ਰਾਜਸੀ ਲੋਕਾਂ ਹਥ ਦੇ ਗਏ ਸਨ ਅਤੇ ਇਹ ਜਿਹੜਾ ਵੀ ਰਾਜ ਇਸ ਮੁਲਕ ਵਿੱਚ ਆਜ਼ਾਦੀ ਬਾਅਦ ਚਲਿਆ ਆ ਰਿਹਾ ਹੈ ਇਹ ਰਾਜਸੀ ਲੋਕੀਂ ਚਲਾ ਰਹੇ ਹਨ। ਆਜ਼ਾਦੀ ਬਾਅਦ ਰਾਜਸੀ ਲੋਕਾਂ ਨੇ ਆਪਣਾ ਰਾਜ ਬਣਾਈ ਰਖਣ ਲਈ ਇਹ ਵਾਲਾ ਪਰਜਾਤੰਤਰ ਲਿਆਂਦਾ ਹੈ ਜਿਸ ਵਿੱਚ ਇਹ ਆਖ ਦਿਤਾ ਗਿਆ ਹੈ ਕਿ ਹਰ ਪੰਜਾਂ ਸਾਲਾਂ ਬਾਅਦ ਚੋਣਾ ਹੋਇਆ ਕਰਨਗੀਆਂ ਅਤੇ ਲੋਕੀਂ ਹੀ ਆਪਣੀ ਸਰਕਾਰ ਚੁਣਿਆ ਕਰਨਗੇ। ਅਤੇ ਪਿਛਲੇ ਸਾਢ ਸਤ ਦਹਾਕਿਆਂ ਤੋਂ ਇਹ ਚੋਣਾ ਹੁੰਦੀਆਂ ਆ ਰਹੀਆਂ ਹਨ ਅਤੇਹਰ ਪੰਜ ਸਾਲਾਂ ਲਈ ਇਹ ਚੁਣੀਆਂ ਹੋਈਆਂ ਸਰਕਾਰਾਂ ਹੀ ਹਕੂਮਤ ਕਰਦੀਆਂ ਆ ਰਹੀਆਂ ਹਨ।

ਅਸਾਂ ਦੇਖਲਿਆ ਹੈ ਕਿ ਰਾਜਸੀ ਲੋਕਾਂ ਨੇ ਇਹ ਪਾਰਟੀਆਂ ਜਿਹੀਆਂ ਬਣਾ ਲਿਤੀਆਂ ਹਨ। ਅਸਲ ਵਿੱਚ ਇਹ ਰਾਜਸੀ ਲੋਕਾਂ ਨੇ ਪਾਰਟੀਆਂ ਨਹੀਂ ਬਲਕਿ ਧੜੇ ਜਿਹੇ ਬਣਾ ਲਏ ਹਨ ਅਤੇ ਅਸਾ ਇਹ ਵੀ ਦੇਖ ਲਿਆ ਹੈ ਕਿ ਕਿ ਹਰ ਧੜੇ ਕਿਸੇ ਨਾ ਕਿਸੇ ਵਿਅਕਤੀਵਿਸ਼ੇਸ਼ ਅਧੀਨ ਹੀ ਕੰਮ ਕਰ ਰਿਹਾ ਹੈ ਅਤੇ ਜਿਹੜਾ ਵੀ ਵਿਅਕਤੀਵਿਸ਼ੇਸ਼ ਬਹੁਤੇ ਸਪੋਰਟਰ ਲੈਕੇ ਪਾਰਲੀਮੈਂਟ ਵਿੱਚ ਪੁਜ ਜਾਂਦਾ ਹੈ ਉਹੀ ਇਕ ਹੀ ਆਦਮੀ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਅਤੇ ਕੁਝ ਮੰਤਰੀ ਆਪ ਹੀ ਨਿਯੁਕਤ ਕਰਕੇਪੰਜ ਸਾਲ ਹਕੂਮਤ ਕਰ ਜਾਂਦਾ ਹੈ। ਅਸਾਂ ਇਹ ਵੀ ਦੇਖ ਲਿਆ ਹੈ ਕਿ ਇਹ ਜਿਹੜੇ ਸਪੋਰਟਰ ਲੈਕੇ ਉਹ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਉਹ ਬਸ ਗਿਣਤੀ ਜਿਹੀ ਹੀ ਹਨ ਅਤੇ ਸਦਨ ਵਿੱਚ ਬੋਲਦੇ ਨਹੀਂ ਹਨ ਅਤੇ ਅਜ ਤਕ ਅਸਾਂ ਇਹ ਵੀ ਦੇਖ ਲਿਆ ਹੈ ਕਿ ਸਦਨ ਵਿੱਚ ਜਿਤਨੇ ਵੀ ਹੁਕਮ ਪਾਸ ਕੀਤੇ ਜਾਂਦੇ ਰਹੇ ਹਨ ਉਹ ਵਿਅਕਤੀਵਿਸ਼ੇਸ਼ ਦੇ ਹੀ ਹੁੰਦੇ ਰਹੇਹਨ ਅਤੇ ਅਸਾਂ ਇਹ ਵੀ ਦੇਖਿਆ ਹੈ ਕਿ ਇਹ ਬਹੀਂਗਿਣਤੀ ਵਾਲਾ ਪਾਸਾ ਤਾਂ ਹਰ ਹੁਕਮ ਦੇ ਹਕ ਵਿੱਚ ਵੋਟ ਪਾਉਣ ਲਈ ਮਜਬੂਰ ਹੋ ਜਾਂਦਾ ਰਿਹਾ ਹੈ ਅਤੇ ਇਹ ਵਿਰੋਧੀ ਹਮੇਸ਼ਾਂ ਹੁਕਮ ਦੇ ਖਿਲਾਫ ਹੀ ਬੋਲਦੇ ਰਹੇ ਹਨ ਅਤੇ ਵੌਟ ਵੀ ਵਿਰੁਧ ਵਿੱਚ ਹੀ ਪਾਉਂਦੇ ਰਹੇਹਨ ਅਤੇ ਇਹ ਵੀ ਆਖਿਆ ਜਾ ਸਕਦਾ ਹੈ ਕਿ ਇਸ ਮੁਲਕ ਵਿੱਚਵਿਰੋਧੀ ਚਾਹੇ ਸਦਨਾ ਵਿੱਚ ਜਾਕੈ ਬੈਠਣਚਾਹੇ ਨਾ ਪਏ ਬੈਠਣ ਕਦੀ ਕੋਈ ਫਰਕ ਨਹੀਂ ਪਿਆ ਲਗਦਾ ਹੈ।

ਇਹ ਜਿਹੜਾ ਰਾਜਸੀ ਢਾਂਚਾ ਬਣ ਆਇਆ ਹੈ ਇਹ ਤਾਂ ਬਸ ਇਕਪੁਰਖਾ ਰਾਚਜ ਜਿਹਾ ਹੀ ਹੈ ਅਤੇਅਗਰ ਇਹ ਬਾਕੀ ਦੀ ਨਫਰੀ ਸਦਨ ਵਿੱਚ ਨਾ ਵੀ ਬਿਠਾਈ ਜਾਵੇ ਤਾਂ ਵੀਕੰਮ ਚਲ ਸਕਦਾ ਹੈ ਅਤੇ ਚਲਦਾ ਵੀ ਰਿਹਾ ਹੈ। ਪਿਛਲੀ ਪੌਣੀ ਸਦੀ ਦਾ ਇਤਿਹਾਸ ਵੀ ਸਿਰਫ ਇਕਪੁਰਖੇ ਰਾਜ ਦੀਆਂ ਗਲਾਂ ਹੀ ਕਰਦਾ ਆ ਰਿਹਾ ਹੈ ਅਤੇ ਅਜ ਤਕ ਕਿਸੇ ਵੀ ਵਿਧਾਇਕ ਨੇ ਜਿਹੜੇ ਸਪੋਰਟਰ ਹਨ ਜਾਂ ਵਿਰੋਧੀ ਧਿਰਾਂ ਦੇਹਨ ਕਦੀ ਵੀ ਕੋਈ ਬਿਲ ਨਾਂ ਤਾਂ ਬਣਾਇਆ ਹੈ ੱਨਾਂ ਹੀ ਸਦਨ ਵਿੱਚ ਪੇਸਤ ਹੀ ਕੀਤਾ ਹੈ। ਅਗਰ ਇਕ ਆਦਮੀ ਹੀ ਰਾਜ ਕਰਦਾ ਹੈ ਤਾਂ ਇਹ ਕਿਸੇ ਪੁਰਾਣੇ ਰਾਜ ਦੀ ਨਕਲ ਹੀ ਹੈ ਇਸਨੂੰ ਪਰਜਾਤੰਤਰ ਤਾਂ ਨਹੀਂ ਆਖਿਆ ਜਾ ਸਕਦਾ। ਅਗਰ ਸਾਡੇ ਸੰਵਿਧਾਨ ਵਿੱਚ ਅਸੀਂ ਪਰਜਾਤੰਤਰ ਦੀ ਗਲ ਕਰਦੇ ਹਾਂ ਤਾਂ ਇਹ ਵੀ ਸੋਚਣਾ ਪਵੇਗਾ ਕਿ ਇਹ ਸਾਰੀ ਦੀ ਸਾਰੀ ਸਦਨ ਹਰ ਕੰਮ ਵਿੱਚ ਬਾਕ-ਾਇਦਾ ਕੰਮ ਕਰਨ ਅਤੇ ਆਪਣੀ ਅਕਲ, ਆਪਣੀ ਲਿਆਕਤ, ਆਪਣੀ ਮੁਹਾਰਤ ਅਤੇ ਲੋਕਾਂ ਦੀ ਸੇਵਾ ਕਰਨ ਦੀ ਕਸਮ ਵੀ ਖਾਣ ਅਤੇ ਬਿੰਨਾਂ ਕਿਸੇ ਦਬਾਓ ਅਤੇ ਡਰ ਦੇ ਆਮਣੀ ਮਰਜ਼ੀ ਨਾਲ ਬੋਲਣ ਅਤੇ ਜਦ ਕਦੀ ਵੀ ਸਦਨ ਪਿਵੱਚ ਵੋਟ ਪਾਉਣ ਦਾ ਵਕਤ ਆ ਜਾਵੇ ਤਾਂ ਵੀ ਆਭੀ ਮਰਜ਼ੀ ਨਾਲ ਵੋਟ ਪਾਉਣ ਅਤੇ ਇਹ ਵੋਟ ਗੁਪਤ ਵੀ ਹੋਣੀ ਚਾਹੀਦੀ ਹੈ। ਇਹ ਜਿਹੜੇ ਪਹਿਲਾਂ ਹੀ ਪ੍ਰਧਾਨ ਮੰਤਰੀ ਬਣਕੇ ਬਾਹਰ ਖਲੌਤੇ ਹਨ ਅਤੇ ਵੋਟਾ ਵਕਤ ਆਪਣੇ ਆਪਣੇ ਸਪੋਰਟਰਾਂ ਨੂੰ ਲੈਕੇ ਮੈਦਾਨ ਵਿੱਚ ਆਉਂਦੇ ਹਨ ਅਤੇ ਬਹੁਤੇ ਸਪੋਰਟਰਾਂ ਵਾਲਾ ਪ੍ਰਧਾਨ ਮੰਤਰੀ ਬਣ ਜਾਂਦਾ ਹੈ ਇਹ ਵੀ ਗਲਤ ਜਿਹੀ ਲਗਦਾ ਹੈ। ਵਕਤ ਆ ਗਿਆ ਹੈ ਕਿ ਵੋਟਾ ਬਾਅਦ ਜਿਤਕੇ ਜਿਹੜੇ ਵੀ ਵਿਧਾਇਕ ਸਦਨ ਵਿੱਚ ਆ ਜਾਂਦੇ ਹਨ ਇੰਨ੍ਹਾਂ ਦਾ ਕਿਸੇ ਪਾਰਟੀ ਨਾਲ ਜੁੜਿਆ ਰਹਿਣਾ ਖਤਮ ਕਰ ਦਿਤਾ ਜਾਵੇ ਅਤੇ ਸਾਰੇ ਦਾ ਸਾਰਾ ਹਾਊਸ ਪਾਰਟੀ ਮੁਕਤ ਹੋ ਜਾਵੇ। ਇਥੇ ਹੀ ਜਿਹੜਾ ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਹੈ, ਕਿਸੇ ਵਿਭਾਗ ਦਾ ਮੰਤਰੀ ਬਣਨਾ ਚਾਹੁੰਦਾ ਹੈ ਆਪਣੀਆਂ ਆਪਣੀਆਂ ਯੋਗਤਾਵਾਂ ਅਤੇ ਕਾਬਲੀਅਤਾ ਵਿਧਾਇਕਾਂ ਸਾਹਮਣੇ ਰਖਕੇ ਵੋਟਾ ਲਈ ਖੜਾ ਹੋ ਜਾਵੇ ਅਤੇ ਇਹ ਬਾਕੀ ਦੇ ਵਿਧਾਇਕ ਆਜ਼ਾਦੀ ਨਾਲ ਅਤੇ ਗੁਪਤ ਵੋਟਾਂ ਪਾਉਣ। ਇਹ ਇਕ ਆਦਮੀ ਹੀ ਆਪਣੇ ਮੰਤਰੀ ਬਣਾ ਲਵੇ ਇਹ ਕੋਈ ਪਰਜਾਤੰਤਰ ਨਹੀਂ ਹੈ।

ਇਸੇ ਤਰ੍ਹਾਂ ਜਦ ਕਦੀ ਵੀ ਕੋਈਹੀ ਬਿਲ ਪੇਸ਼ ਕੀਤਾ ਜਾਵੇ ਤਾਂ ਹਰੇਕ ਵਿਧਾਇਕ ਨੂੰ ਕੁਝ ਨਾ ਕੁਝ ਬੋਲਣ ਦਾ ਮੋਕਾ ਦਿਤਾ ਜਾਵੇ ਅਤੇ ਇਹ ਬਾਕਾਇਦਾ ਡਿਊਟੀ ਜਿਹੀ ਬਣਾ ਦਿਤੀ ਜਾਵੇ ਤਾਂਕਿ ਸਦਨ ਤਕ ਪੁਜਾ ਹਰ ਵਿਧਾਇਕ ਬਾਕਾਇਦਾ ਲੋਕਾਂ ਦਾ ਪ੍ਰਤੀਨਿਧ ਬਣਕੇ ਬੋਲੇ ਵੀ ਅਤੇ ਬਹਿਸ ਵਿੱਚ ਹਿਸਾ ਵੀ ਲਵੇ। ਵੋਟਾ ਵੀ ਬਾਕਾਇਦਾ ਗੁਪਤ ਅਤੇ ਬਿੰਨਾ ਕਿਸੇ ਦਬਾਓਬ ਤਲੇ ਪੈਣ। ਪਰਜਾਤੰਤਰ ਦਾ ਮਤਲਬ ਹੈ ਲੋਕ ਅਤੇ ਲੋਕਾਂ ਦੇ ਪ੍ਰਤੀਨਿਧ ਨਾ ਕੇ ਕਿਸੇ ਦੇ ਸਪੋਰਟਰ।

ਇਸ ਤਰ੍ਹਾਂ ਦੀਆਂ ਸਦਨਾ ਕਿਸੇ ਮੁਲਕ ਵਿੱਚ ਆਈਆਂ ਵੀ ਹਨ ਜਾਂ ਐਂਵੇਂ ਹੀ ਅਸੀਂ ਬਸ ਚੋਣਾਂ ਕਰਵਾ ਕਰਵਾਕੇ ਇਹੀ ਆਖੀ ਜਾਂਦੇ ਹਾਂ ਕਿ ਪਰਜਾਤੰਤਰ ਆ ਗਿਆ ਹੈ ਅਤੇ ਇਹ ਜਿਹੜੇ ਪ੍ਰਧਾਨ ਮੰਤਰੀ ਬਣ ਜਾਂਦੇ ਹਨ ਇਹ ਆਖੀ ਜਾਂਦੇ ਹਨ ਕਿ ਉਹ ਲੋਕਾਂ ਦੇ ਚੁਣੇ ਹੋਏ ਹਨ ਅਤੇ ਇਹ ਜਿਹੜੇ ਸਪੋਰਟਰ ਬਣਕੇ ਸਦਨਾ ਵਿੱਚ ਬੈਠ ਜਾਂਦੇ ਹਨ ਇਹ ਆਖੀ ਜਾਂਦੇ ਹਨ ਕਿ ਉਹ ਲੋਕਾਂ ਦੇ ਪ੍ਰਤੀਨਿਧ ਹਨ। ਇਹ ਸਾਰੀਆਂ ਗਲਾਂ ਵਿਚਾਰਨ ਵਾਲੀਆਂ ਹਨ ਅਤੇ ਪੌਣੀ ਸਦੀ ਦਾ ਸਮਾਂ ਲਦ ਹੀ ਗਿਆ ਹੈ, ਇਤਨਾ ਹੀ ਕਾਫੀ ਹੈ ਅਤੇ ਹੁਣ ਇਹ ਵੋਟਾ ਦਾ ਸਿਲਸਿਲਾ ਵੀ ਬਦਲਣ ਵਾਲਾ ਹੈ। ਅਸੀਂ ਹਰ ਰਾਜ ਸਦੀਆਂ ਤਕ ਝੇਲਦੇ ਰਹੇ ਹਾਂ ਅਤੇ ਇਹ ਵਾਲਾ ਜਿਹੜਾ ਵੀ ਪਰਜਾਤੰਤਰ ਆ ਗਿਆ ਹੈ ਕੀ ਇਹ ਵੀ ਅਸੀਂ ਸੋਦੀਆਂ ਲਈ ਝੇਲਣ ਲਈ ਮਜਬੂਰ ਕਰ ਦਿੱਤੇ ਜਾਵਾਂਗੇ, ਇਸ ਗਲ ਦਾ ਕੋਈ ਵੀ ਜਵਾਬ ਦੇਣ ਲਈ ਹਾਲਾਂ ਵੀ ਤਿਆਰ ਨਹੀਂ ਹੈ।

ਵਿਅੰਗ

# ਮੁੱਦਾ ਝੜਦੇ ਵਾਲਾਂ ਦਾ

-ਬਲਦੇਵ ਰਾਜ ਭਾਰਤੀ-

ਵਾਲ ਕਿਸ ਦੇ ਨਹੀਂ ਝੜਦੇ? ਸਭ ਦੇ ਝੜਦੇ ਹਨ। ਜੇ ਤੁਸੀਂ ਵਾਲਾਂ ਦੀ ਸਮੱਸਿਆ ਤੋਂ ਪਰੇਸ਼ਾਨ ਹੋ ਤਾਂ ਅਗਲੀ ਵਾਰ ਚੋਣਾਂ ਵਿੱਚ ਉਸ ਨੂੰ ਵੋਟ ਦਿਓ, ਜੋ ਤੁਹਾਨੂੰ ਵਾਲ ਝੜਨ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਣ। ਮਹਿੰਗਾਈ ਅਤੇ ਗਰੀਬੀ ਹੀ ਅੱਜ ਤੱਕ ਚੋਣ ਮੁੱਦਿਆਂ ਦੇ ਸਿੰਘਾਸਨ ਉੱਤੇ ਕਬਜ਼ਾ ਜਮਾਈ ਬੈਠੀਆਂ ਹਨ। ਕਦੇ-ਕਦੇ ਬੇਰੁਜ਼ਗਾਰੀ ਵੀ ਇਨ੍ਹਾਂ ਦੇ ਨਾਲ ਬੈਠ ਕੇ ਖਿੜ-ਖਿੜ ਕਰਦੀ ਹੁੰਦੀ ਹੈ, ਪਰ ਜਿਸ ਸਮੱਸਿਆ ਤੋਂ ਹਰ ਕੋਈ, ਭਾਵੇਂ ਉਹ ਅਮੀਰ ਹੋਵੇ ਜਾਂ ਗਰੀਬ, ਪਰੇਸ਼ਾਨ ਹੋਵੇ, ਉਸ ਸਮੱਸਿਆ ਨੂੰ ਕੋਈ ਪਾਰਟੀ ਆਪਣਾ ਮੁੱਦਾ ਨਹੀਂ ਬਣਾਉਂਦੀ।

ਭਲਾ ਹੋਵੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਉਮੀਦਵਾਰ ਜੇ ਮਯੁੰਗ ਦਾ, ਜਿਸ ਨੇ ਝੜਦੇ ਵਾਲਾਂ ਲਈ ਸਰਕਾਰੀ ਮਦਦ ਦਾ ਭਰੋਸਾ ਦੇ ਕੇ ਗੰਜੇ ਹੋ ਰਹੇ ਲੋਕਾਂ ਦੇ ਵੋਟ ਆਪਣੇ ਨਾਂਅ ਪੱਕੇ ਕਰ ਲਏ। ਤੁਸੀਂ ਦੇਖੋਗੇ ਕਿ ਜਿਸ ਵਿਅਕਤੀ ਦਾ ਇੱਕ ਵੀ ਵਾਲ ਟੁੱਟਿਆ, ਉਹ ਮਯੁੰਗ ਦਾ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਵਾਲ ਵਿੰਗਾ ਨਹੀਂ ਹੋਣ ਦੇਵੇਗਾ। ਜਿੱਤ ਦਾ ਸਿਹਰਾ ਮਯੁੰਗ ਦੇ ਸਿਰ ਹੀ ਬੱਝੇਗਾ। ਕਾਸ਼! ਭਾਰਤ ਦੇ ਨੇਤਾਵਾਂ ਨੂੰ ਵੀ ਇਹ ਸਮਝ ਆ ਜਾਵੇ ਅਤੇ ਇਸ ਤਰ੍ਹਾਂ ਦੇ ਜਨਤਕ ਮੁੱਦਿਆਂ ਨੂੰ ਚੋਣ ਮੁੱਦਾ ਬਣਾ ਕੇ ਚੋਣ ਲੜਨ। ਜਿਸ ਦੇਸ਼ ਵਿੱਚ ਟੀ ਵੀ ਉੱਤੇ ਦਿਖਾਏ ਜਾਣ ਵਾਲੇ ਇਸ਼ਤਿਹਾਰਾਂ ਵਿੱਚ ਹਰ ਤੀਜਾ ਇਸ਼ਤਿਹਾਰ ਅਜਿਹੇ ਤੇਲ ਜਾਂ ਸ਼ੈਂਪੂ ਦਾ ਹੁੰਦਾ ਹੋਵੇ, ਜੋ ਵਾਲਾਂ ਦੇ ਝੜਨ ਤੋਂ ਰੋਕਣ ਦਾ ਦਾਅਵਾ ਕਰਦੇ ਹੋਣ, ਉਸ ਦੇਸ਼ ਵਿੱਚ ਵਾਲਾਂ ਦਾ ਝੜਨਾ ਚੋਣ ਮੁੱਦਾ ਕਿਉਂ ਨਹੀਂ ਬਣ ਸਕਦਾ?

ਸੋਚੋ, ਜੇ ਏਦਾਂ ਹੋ ਗਿਆ ਤਾਂ ਜਲਦੀ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਦਲਾਂ ਨੂੰ ਆਪਣੇ ਮੁੱਖ ਮੰਤਰੀ ਅਹੁਦੇ ਲਈ ਬਾਬਾ ਰਾਮਦੇਵ ਵਰਗੇ ਭਾਰੇ ਅਤੇ ਲੰਮੇ ਵਾਲਾਂ ਵਾਲੇ ਉਮੀਦਵਾਰਾਂ ਦੀ ਜ਼ਰੂਰਤ ਪੈ ਸਕਦੀ ਹੈ। ਉਹ ਵਾਲਾਂ ਦੇ ਝੜਨ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਣ ਲਈ ਤਰ੍ਹਾਂ-ਤਰ੍ਹਾਂ ਦੇ ਤੇਲ ਮੁਫਤ ਦੇਣ ਦਾ ਐਲਾਨ ਕਰ ਸਕਦੇ ਹਨ।

ਸਿਆਸੀ ਦਲ ਕੁਝ ਵੀ ਸੋਚਦੇ ਹੋਣ, ਅੱਜ ਕੋਰੋਨਾ ਦਾ ਇਨਫੈਕਸ਼ਨ ਕੋਈ ਵੱਡੀ ਸਮੱਸਿਆ ਨਹੀਂ ਅਤੇ ਨਾ ਹੀ ਗਰੀਬੀ, ਨਾ ਮਹਿੰਗਾਈ। ਬੇਰੋਜ਼ਗਾਰੀ ਤੇ ਭੁੱਖਮਰੀ ਵੀ ਦੇਸ਼ ਦੇ ਸਾਹਮਣੇ ਵੱਡੀਆਂ ਚੁਣੌਤੀਆਂ ਨਹੀਂ ਹਨ। ਇਹ ਸਭ ਤਾਂ ਦੇਸ਼ਵਾਸੀਆਂ ਦੀਆਂ ਆਦਤਾਂ ਵਿੱਚ ਸ਼ਾਮਲ ਹੋ ਚੁੱਕੀਆਂ ਹਨ। ਵਾਲ ਝੜਨ ਦੀ ਸਮੱਸਿਆ ਵਿਸ਼ਵ ਪੱਧਰੀ ਹੈ। ਔਰਤ-ਮਰਦ ਦੋਵੇਂ ਇਸ ਸਮੱਸਿਆ ਤੋਂ ਬਰਾਬਰ ਪ੍ਰਭਾਵਤ ਹਨ। ਜੇ ਕੋਈ ਪਾਰਟੀ ਝੜਦੇ ਵਾਲਾਂ ਨੂੰ ਆਪਣਾ ਚੋਣ ਮੁੱਦਾ ਬਣਾਏ ਤੇ ਝੜਦੇ ਵਾਲਾਂ ਦਾ ਇਲਾਜ ਕਰਾਉਣ ਲਈ ਸਰਕਾਰੀ ਮਦਦ ਦਾ ਐਲਾਨ ਕਰੇ ਤਾਂ ਉਸ ਨੂੰ ਵੋਟ ਦੇਣਾ ਯਕੀਨੀ ਕਰੋ।

ਕਦੋਂ ਤੱਕ ਤੁਸੀਂ ਆਪਣੀ ਕੰਘੀ ਵਿੱਚੋਂ ਝੜਨ ਵਾਲੇ ਵਾਲਾਂ ਨੂੰ ਤਿੰਨ ਹਜ਼ਾਰ ਰੁਪਏ ਕਿਲੋ ਦੇ ਹਿਸਾਬ ਨਾਲ ਵੇਚ ਕੇ ਆਪਣੇ ਆਪ ਨੂੰ ਗੰਜਾ ਕਰਦੇ ਰਹੋਗੇ? ਨੇਤਾਵਾਂ ਨੂੰ ਉਨ੍ਹਾਂ ਦੀ ਪਾਰਟੀ ਦੇ ਏਜੰਡੇ ਨੂੰ ਬਦਲਣ ਉੱਤੇ ਮਜਬੂਰ ਕਰੋ। ਨਹੀਂ ਤਾਂ ਨੇਤਾ ਉਹ ਚੀਜ਼ ਹਨ ਕਿ ਤੁਹ-ਾਡੇ ਗੰਜੇ ਹੋਣ ਉੱਤੇ ਤੁਹਾਨੂੰ ਕੰਘਾ ਵੇਚ ਦੇਣ। ਅੰਨ੍ਹਿਆਂ ਦੇ ਸ਼ਹਿਰ ਵਿੱਚ ਸ਼ੀਸ਼ੇ ਕਿਵੇਂ ਵੇਚੇ ਜਾਂਦੇ ਨੇ, ਇਹ ਗੱਲ ਸਾਡੇ ਨੇਤਾਵਾਂ ਤੋਂ ਵੱਧ ਚੰਗੀ ਤਰ੍ਹਾਂ ਕੋਈ ਨਹੀਂ ਜਾਣਦਾ।

ਉਂਝ ਵੀ ਇਸ ਦੇਸ਼ ਦੇ ਨੇਤਾ ਜੋ ਵਾਅਦਾ ਕਰਦੇ ਨੇ, ਉਸ ਨੂੰ ਨਿਭਾਉਂਦੇ ਨਹੀਂ। ਜੋ ਨਿਭਾਉਂਦੇ ਨੇ, ਉਹ ਦੱਸਦੇ ਨਹੀਂ। ਗਰੀਬੀ ਹਟਾਓ ਦਾ ਨਾਅਰਾ ਕਈ ਸਾਲਾਂ ਤੋਂ ਚੋਣ ਮੁੱਦਾ ਬਣਾਇਆ ਹੋਇਆ ਹੈ। ਅੱਜ ਤੱਕ ਗਰੀਬੀ ਤਾਂ ਨਹੀਂ, ਗਰੀਬ ਹਟਦੇ ਰਹੇ ਹਨ। ਬੇਰੋਜ਼ਗਾਰੀ, ਭੁੱਖਮਰੀ, ਮਹਿੰਗਾਈ ਆਦਿ ਸਮੱਸਿਆਵਾਂ ਦੇਸ਼ ਵਿੱਚ ਕਿਸ ਨੇ ਘੱਟ ਕੀਤੀਆਂ ਹਨ? ਫ੍ਰੀ ਲੈਪਟਾਪ, ਫ੍ਰੀ ਬਿਜਲੀ, ਫਰੀ ਪਾਣੀ ਦੀ ਥਾਂ ਜੇ ਝੜਦੇ ਵਾਲਾਂ ਲਈ ਸਰਕਾਰੀ ਮਦਦ ਲੈ ਕੇ ਇਸ ਦਾ ਹੱਲ ਕਰ ਸਕੋ ਤਾਂ ਹਮੇਸ਼ਾ ਨੌਜਵਾਨ ਨਜ਼ਰ ਆਓਗੇ। ਬਾਕੀ ਸਮੱਸਿਆਵਾਂ ਤਾਂ ਤੁਸੀਂ ਆਪਣੇ ਆਪ ਵੀ ਹੱਲ ਕਰ ਸਕਦੇ ਹੋ।



# ਮੁੱਖ ਮੰਤਰੀ ਚੰਨੀ ਵਿਰੁੱਧ ਭਦੌੜ ਤੋਂ ਡਿਪਟੀ ਸਪੀਕਰ ਦੀ ਪਤਨੀ ਬਾਗੀ ਹੋ ਕੇ ਚੋਣ ਲੜੇਗੀ

ਬਠਿੰਡਾ, 1 ਫਰਵਰੀ (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਮਲੋਟ ਤੋਂ ਕਾਂਗਰਸ ਦੇ ਮੌਜੂਦਾ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਜੈਬ ਸਿੰਘ ਭੱਟੀ ਨੇ ਟਿਕਟ ਨਾ ਮਿਲਣ ਤੋਂ ਨਾਰਾਜ਼ ਹੋ ਕੇ ਮੁੱਖ ਮੰਤਰੀ ਚਰਨਜੀਤ ਸਿੰਘ ਦੇ ਖ਼ਿਲਾਫ਼ ਬਗਾਵਤ ਦਾ ਬਿਗੁਲ ਵਜਾ ਦਿੱਤਾ ਅਤੇ ਆਪਣੀ ਪਤਨੀ ਮਨਜੀਤ ਕੌਰ ਭੱਟੀ ਨੂੰ ਮੁੱਖ ਮੰਤਰੀ ਖ਼ਿਲਾਫ਼ ਵਿਧਾਨ ਸਭਾ ਹਲਕਾ ਭਦੌੜ (ਰਾਖਵਾਂ) ਤੋਂ ਚੋਣ ਮੈਦਾਨ ਵਿੱਚ ਉਤਾਰਨ ਦਾ ਐਲਾਨ ਕੀਤਾ ਹੈ। ਭੱਟੀ ਵੱਲੋਂ ਕੀਤੀ ਗਈ ਇਸ ਬਗਾਵਤ ਨਾਲ ਚਰਨਜੀਤ ਸਿੰਘ ਚੰਨੀ ਦੀਆਂ ਮੁਸ਼ਕਲਾਂ ਵੱਧ ਸਕਦੀਆਂ ਹਨ।



ਵਰਨਣ ਯੋਗ ਹੈ ਕਿ ਬਠਿੰਡਾ ਦੇ ਵਾਸੀ ਭੱਟੀ ਨੇ ਐਡੀਸ਼ਨਲ ਡਿਪਟੀ ਕਮਿਸ਼ਨਰ ਦੀ ਪੋਸਟ ਤੋਂ ਅਸਤੀਫ਼ਾ ਦੇ ਕੇ ਸਾਲ 2007 ਵਿੱਚ ਪਹਿਲੀ ਵਾਰ ਕਾਂਗਰਸ ਉਮੀਦਵਾਰ ਵਜੋਂ ਜ਼ਿਲ੍ਹਾ ਬਠਿੰਡਾ ਦੇ ਵਿਧਾਨ ਸਭਾ ਰਿਜ਼ਰਵ ਹਲਕਾ ਭੁੱਚੋ ਮੰਡੀ ਤੋਂ ਚੋਣ ਲੜਕੇ ਜਿੱਤੀ ਸੀ ਤੇ ਉਸ ਤੋਂ ਬਾਅਦ ਸਾਲ 2012 ਦੀ ਵਿਧਾਨ ਸਭਾ ਚੋਣ ਮੌਕੇ ਵੀ ਕਾਂਗਰਸ ਨੇ ਭੱਟੀ ਨੂੰ ਹਲਕਾ ਭੁੱਚੋ ਮੰਡੀ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਤੇ ਉਨ੍ਹਾਂ ਲਗਾਤਾਰ ਦੂਸਰੀ ਜਿੱਤ ਜਿੱਤੀ, ਪਰ 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਉਨ੍ਹਾਂ ਨੂੰ ਕਾਂਗਰਸ ਨੇ ਭੁੱਚੋ ਮੰਡੀ ਤੋਂ ਬਦਲ ਕੇ ਵਿਧਾਨ ਸਭਾ ਹਲਕਾ ਮਲੋਟ (ਸ੍ਰੀ ਮੁਕਤਸਰ ਸਾਹਿਬ) ਵਿਖੇ ਭੇਜ ਦਿੱਤਾ। ਉਨ੍ਹਾ ਨੇ ਓਥੇ ਵੀ ਜਿੱਤ ਹਾਸਲ ਕੀਤੀਅਤੇ ਉਨ੍ਹਾਂ ਨੂੰ ਵਿਧਾਨ ਸਭਾ ਦਾ ਡਿਪਟੀ ਸਪੀਕਰ ਬਣਾਇਆ ਗਿਆ। ਇਸ ਵਾਰ ਕਾਂਗਰਸ ਨੇ ਭੱਟੀ ਨੂੰ ਚੋਣ ਤੋਂ ਲਾਂਭੇ ਕਰ ਦਿੱਤਾ ਅਤੇ ਬਠਿੰਡਾ ਦਿਹਾਤੀ ਹਲਕੇ ਦੀ ਆਮ ਆਦਮੀ ਪਾਰਟੀ ਤੋਂ ਦਲਬਦਲੀ ਕਰ ਕੇ ਆਈ ਵਿਧਾਇਕਾ ਰੁਪਿੰਦਰ ਕੌਰ ਰੂਬੀ ਨੂੰ ਓਸੇ ਮਲੋਟ ਸੀਟ ਤੋਂ ਟਿਕਟ ਦੇ ਦਿੱਤੀ ਹੈ ਅਤੇ ਭੱਟੀ ਨੂੰ ਕਿਸੇ ਵੀ ਹਲਕੇ ਤੋਂ ਉਮੀਦਵਾਰ ਨਹੀਂ ਬਣਾਇਆ। ਆਪਣੀ ਟਿਕਟ ਕੱਟੇ ਜਾਣ ਤੋਂ ਖਫਾ ਭੱਟੀ ਦਾ ਕਹਿਣਾ ਹੈ ਕਿ ਉਹ ਲਗਾਤਾਰ ਤੀਸਰੀ ਵਾਰ ਜਿੱਤ ਦਰਜ ਕਰ ਚੁੱਕੇ ਹਨ ਤੇ ਕਾਂਗਰਸ ਨੇ ਉਨ੍ਹਾਂ ਦੀ ਟਿਕਟ ਕੱਟਕੇ ਉਨ੍ਹਾਂ ਦੀ ਸੀਨੀਅਰਤਾ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿੱਚ ਮੁੱਖ ਮੰਤਰੀ ਚੰਨੀ ਦਾ ਹੱਥ ਹੈ।

# ਇੰਡਸਟਰੀ ਵਿਕਾਸ ਬੋਰਡ ਦੇ ਚੇਅਰਮੈਨ ਟਿੱਕਾ ਨੇ ਵੀ ਕਾਂਗਰਸ ਛੱਡੀ

ਲੁਧਿਆਣਾ, 1 ਫਰਵਰੀ (ਪੋਸਟ ਬਿਊਰੋ)- ਸਨਅਤੀ ਸ਼ਹਿਰ ਤੋਂ ਕਾਂਗਰਸ ਦੇ ਸੀਨੀਅਰ ਆਗੂ ਤੇ ਪੰਜਾਬ ਇੰਡਸਟਰੀ ਡਿਵੈਲਪਮੈਂਟ ਬੋਰਡ ਦੇ ਚੇਅਰਮੈਨ ਅਮਰਜੀਤ ਸਿੰਘ ਟਿੱਕਾ ਨੇ ਕਾਂਗਰਸ ਤੋਂ ਅਸਤੀਫਾ ਦੇ ਦਿੱਤਾ ਹੈ।



ਇਸ ਬਾਰੇ ਅਮਰਜੀਤ ਸਿੰਘ ਟਿੱਕਾ ਨੇ ਕਿਹਾ ਕਿ ਉਨ੍ਹਾਂ ਨੇ ਦੱਖਣੀ ਵਿਧਾਨ ਸਭਾ ਹਲਕੇ ਤੋਂ ਟਿਕਟ ਮੰਗੀ ਸੀ, ਪਰ ਟਿਕਟ ਇਸ ਲਈ ਨਹੀਂ ਦਿੱਤੀ ਗਈ ਕਿ ਕਾਂਗਰਸ ਦੇ ਵੱਡੇ ਆਗੂ ਨੇ ਉਨ੍ਹਾਂ ਤੋਂ ਟਿਕਟ ਦੇ ਬਦਲੇ ਪ੍ਰਿਅੰਕਾ ਗਾਂਧੀ ਦੇ ਚੋਣ ਪ੍ਰਚਾਰ ਲਈ ਹੈਲੀਕਾਪਟਰ ਕਿਰਾਏ ਉੱਤੇ ਮੰਗਿਆ ਸੀ। ਉਨ੍ਹਾਂ ਦੋਸ਼ ਲਾਇਆ ਕਿ 20-20 ਕਰੋੜ ਰੁਪਏ ਵਿੱਚ ਟਿਕਟਾਂ ਵੇਚੀਆਂ ਗਈਆਂ ਹਨ ਤਾਂ ਕਿ ਪੈਸੇ ਪਾਰਟੀ ਦੇ ਉਤਰ ਪ੍ਰਦੇਸ਼ ਚੋਣ ਪ੍ਰਚਾਰ ਉੱਤੇ ਲਾ ਕੇ ਉਥੇ ਭਾਜਪਾ ਨੂੰ ਟੱਕਰ ਦਿੱਤੀ ਜਾ ਸਕੇ। ਟਿੱਕਾ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਕਾਂਗਰਸ ਲਈ ਕੰਮ ਕਰ ਰਹੇ ਹਨ। ਉਨ੍ਹਾਂ ਨੇ ਹਲਕਾ ਆਤਮ ਨਗਰ ਅਤੇ ਦੱਖਣੀ ਹਲਕੇ ਲਈ ਟਿਕਟ ਦਾ ਦਾਅਵਾ ਕੀਤਾ ਸੀ, ਪਰ ਆਤਮ ਨਗਰ ਤੋਂ ਕਮਲਜੀਤ ਸਿੰਘ ਕੜਵਲ ਨੂੰ ਟਿਕਟ ਦੇ ਦਿੱਤੀ, ਜੋ ਪਹਿਲਾਂ ਸਿਮਰਜੀਤ ਸਿੰਘ ਬੈਂਸ ਤੋਂ ਹਾਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਾਂਗਰਸ ਦੇ ਇੱਕ ਵੱਡੇ ਆਗੂ ਦਾ ਫੋਨ ਆਇਆ ਕਿ ਕਾਂਗਰਸ ਦੀ ਜਨਰਲ ਸੈਕਟਰੀ ਪ੍ਰਿਅੰਕਾ ਗਾਂਧੀ ਭਾਜਪਾ ਦੀ ਯੋਗੀ ਆਦਿਤਿਆਨਾਥ ਸਰਕਾਰ ਨਾਲ ਉਤਰ ਪ੍ਰਦੇਸ਼ ਵਿੱਚ ਟੱਕਰ ਲੈ ਰਹੀ ਹੈ, ਉਨ੍ਹਾਂ ਦੇ ਚੋਣ ਪ੍ਰਚਾਰ ਲਈ ਕਿਰਾਏ ਉੱਤੇ ਹੈਲੀਕਾਪਟਰ ਅਤੇ ਗੱਡੀਆਂ ਦਾ ਪ੍ਰਬੰਧ ਕਰੋ, ਪਰ ਜਦੋਂ ਉਨ੍ਹਾਂ ਨੇ ਨਾਂਹ ਕੀਤੀ ਤਾਂ ਉਨ੍ਹਾਂ ਦੀ ਟਿਕਟ ਕੱਟ ਦਿੱਤੀ ਗਈ।

ਅਮਰਜੀਤ ਸਿੰਘ ਟਿੱਕਾ ਨੇ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਅਤੇ ਮੰਤਰੀ ਭਾਰਤ ਭੂਸ਼ਣ ਆਸ਼ੂ ਬਾਰੇ ਵੀ ਕਿਹਾ ਕਿ ਬੈਂਸ ਭਰਾਵਾਂ ਨਾਲ ਦੋਸਤੀ ਨਿਭਾਉਣ ਦੇ ਲਈ ਇਨ੍ਹਾਂ ਨੇ ਬੈਂਸ ਦੇ ਸਾਹਮਣੇ ਕਮਜ਼ੋਰ ਉਮੀਦਵਾਰ ਖੜ੍ਹੇ ਕਰਵਾਏ ਹਨ, ਪਰ ਉਹ ਚੋਣਾਂ ਵਿੱਚ ਮੰਤਰੀ ਆਸ਼ੂ ਦੇ ਖਿਲਾਫ ਵੀ ਪ੍ਰਚਾਰ ਕਰਨਗੇ।

ਇਸੇ ਤਰ੍ਹਾਂ ਸੀਨੀਅਰ ਕਾਂਗਰਸ ਆਗੂ ਅਤੇ ਫਗਵਾੜਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਸੋਹਣ ਲਾਲ ਬੰਗਾ ਵੀ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਇਹ ਐਲਾਨ ਕੱਲ੍ਹ ਚੰਡੀਗੜ੍ਹ ਵਿੱਚ ਭਾਜਪਾ ਆਗੂ ਅਤੇ ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਦੀ ਹਾਜ਼ਰੀ ਵਿੱਚ ਕੀਤਾ। ਬੰਗਾ ਨੇ ਕਿਹਾ ਕਿ ਆਪਣੇ ਸ਼ਹਿਰ ਨੂੰ ਸੁੰਦਰ ਬਣਾਉਣ ਦਾ ਸੁਫਨਾ ਪੂਰਾ ਕਰਨ ਲਈ ਉਹ ਕਾਂਗਰਸਨਾਲ ਕੰਮ ਕਰ ਰਹੇ ਸਨ। 2009 ਤੋਂ ਬਾਅਦ ਪਾਰਟੀ ਦੇ ਵੱਖ-ਵੱਖ ਆਗੂਆਂ ਉਤੇ ਹਾਈਕਮਾਂਡ ਨੇ ਉਨ੍ਹਾਂ ਨੂੰ ਅਨੇਕਾਂ ਥਾਵਾਂ ਉੱਤੇ ਵਰਤ ਕੇ ਉਨ੍ਹਾਂ ਦੇ ਕਰੀਬ 13 ਕਰੋੜ ਰੁਪਏ ਖਰਚ ਕਰਾਏ, ਪਰ ਇਸ ਬਦਲੇ ਉਨ੍ਹਾਂ ਨੂੰ ਕੁਝ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਖਰਚੇ ਹੋਏ ਪੈਸੇ ਦਾ ਉਨ੍ਹਾਂ ਕੋਲ ਪੂਰਾ ਹਿਸਾਬ ਹੈ।




# ਪ੍ਰੋ. ਭੁੱਲਰ ਦੀ ਰਿਹਾਈ ਦਾ ਮਾਮਲਾ: ਕੇਜਰੀਵਾਲ ਸਰਕਾਰ ਨੇ ਕੋਰੀ ਨਾਂਹ ਕੀਤੀ ਸੀ : ਹਰਚਰਨ ਬੈਂਸ

ਚੰਡੀਗੜ੍ਹ, 1 ਫਰਵਰੀ (ਪੋਸਟ ਬਿਊਰੋ)- ਕਰੀਬ 25 ਸਾਲਸਜ਼ਾ ਜੇਲ੍ਹ ਵਿੱਚ ਗੁਜ਼ਾਰ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਨੂੰ ਰਿਹਾਅ ਕਰਨ ਬਾਰੇ ਅੱਜਕੱਲ੍ਹ ਦਿੱਲੀ ਦੀ ਕੇਜਰੀਵਾਲ ਸਰਕਾਰ ਅਤੇ ਵਿਸ਼ੇਸ਼ ਕਰਕੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਰੁੱਧ ਪੰਜਾਬ ਦੇ ਲੋਕਾਂ ਖ਼ਾਸ ਕਰ ਸਿੱਖ ਜਥੇਬੰਦੀਆਂ ਨੇ ਮੁਹਿੰਮ ਵਿੱਢੀ ਹੋਈ ਹੈ।



ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਮੁੱਖ ਮੀਡੀਆ ਸਲਾਹਕਾਰ ਹਰਚਰਨ ਬੈਂਸ ਨੇ ਕੱਲ੍ਹ ਪ੍ਰੈਸ ਕਾਨਫ਼ਰੰਸ ਵਿੱਚ ਦਿੱਲੀ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗ੍ਰਹਿ ਮੰਤਰੀ ਸਤਿੰਦਰ ਜੈਨ ਦੀ ਅਗਵਾਈ ਵਿੱਚ ਸੱਤ ਮੈਂਬਰੀ ਬੋਰਡ ਦੇ ਉਸ ਫ਼ੈਸਲੇ ਦੀਕਾਪੀ ਜਾਰੀ ਕੀਤੀ, ਜਿਸ ਵਿੱਚ ਸਪੱਸ਼ਟ ਲਿਖਿਆ ਹੈ ਕਿ ਦੇਸ਼ ਵਿਰੋਧੀ ਅਤੇ ਖਾੜਕੂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੀ ਸਜ਼ਾ ਕੱਟ ਰਹੇ ਪ੍ਰੋ. ਭੁੱਲਰ ਦੀ ਰਿਹਾਈ ਰੱਦ ਕੀਤੀ ਜਾਂਦੀ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਬਾਰੇ ਹਰਚਰਨ ਬੈਂਸ ਨੇ ਕਿਹਾ ਕਿ ਇਹ ਲੀਡਰ, ਪੰਜਾਬੀਆਂ, ਖਾਂਸ ਕਰ ਸਿੱਖਾਂ ਦੇ ਨਾਲ ਧੋਖਾ ਕਰ ਰਹੇ ਹਨ, ਝੂਠ ਬੋਲ ਰਹੇ ਹਨਤੇ ਦੋਸ਼ ਕੇਵਲ ਕੇਂਦਰ ਸਰਕਾਰ ਉੱਤੇ ਮੜ੍ਹ ਰਹੇ ਹਨ, ਜਦੋਂ ਕਿ ਸਿਰਫ਼ ਦਿੱਲੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪ੍ਰੋ. ਭੁੱਲਰ ਨੂੰ ਰਿਹਾਅ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਜਿਸ ਸੱਤ ਮੈਂਬਰੀ ਬੋਰਡ ਦੀ ਮੀਟਿੰਗ ਵਿੱਚ ਰਿਹਾਈ ਰੱਦ ਕੀਤੀ ਗਈ, ਉਸ ਦੀ ਬੈਠਕ 11 ਦਸੰਬਰ 2020 ਨੂੰ ਦਿੱਲੀ ਸੈਕਟਰੀਏਟ ਦੀ ਦੂਜੀ ਮੰਜ਼ਿਲ, ਸੀ ਵਿੰਗ ਦੇ ਕਾਨਫ਼ਰੰਸ ਹਾਲ ਵਿੱਚ ਹੋਈ ਸੀ। ਇਸ ਵਿੱਚ ਚੇਅਰਮੈਨ, ਦਿੱਲੀ ਸਰਕਾਰ ਦੇ ਗ੍ਰਹਿ ਮੰਤਰੀ ਸਤਿੰਦਰ ਜੈਨ, ਪ੍ਰਿੰਸੀਪਲ ਸੈਕਟਰੀ ਬੀ ਐਸ ਭੱਲਾ, ਜੇਲ੍ਹਾਂ ਦੇ ਡਾਇਰੈਕਟਰ ਜਨਰਲ ਸੰਦੀਪ ਗੋਇਲ, ਪ੍ਰਿੰਸੀਪਲ ਸੈਕਟਰੀ ਲਾਅ ਜਸਟਿਸ ਸੰਜੇ ਕੁਮਾਰ ਅਗਵਾਲ, ਦਿੱਲੀ ਦੇ ਐਡੀਸ਼ਨਲ ਸੈਸ਼ਨ ਜੱਜ, ਸਤੀਸ਼ ਕੁਮਾਰ, ਸਮਾਜ ਭਲਾਈ ਮਹਿਕਮੇ ਦੀ ਡਾਇਰੈਕਟਰ ਸ੍ਰੀਮਤੀ ਰਸ਼ਮੀ ਸਿੰਘ ਤੇ ਦਿੱਲੀ ਪੁਲਸ ਦੇ ਡਿਪਟੀ ਕਮਿਸ਼ਨਰ ਰਾਜੇਸ਼ ਦਿਉ ਸ਼ਾਮਲ ਸਨ। ਇਸ ਬੋਰਡ ਨੇ 191 ਸਫ਼ਿਆਂ ਦੀ ਰਿਪੋਰਟ ਵਿੱਚ ਸਫ਼ਾ ਨੰਬਰ 117 ਉੱਤੇ ਲਿਖਿਆ ਹੈ ਕਿ 1993 ਵਿੱਚ ਪ੍ਰੋ. ਭੁੱਲਰ ਵਿਰੁੱਧ ਕੇਸ ਨੰਬਰ 316 ਦਰਜ ਧਾਰਾ 302, 307, 120 ਬੀ, 34 ਟਾਡਾ ਐਕਟ ਹੇਠ ਸੰਸਦ ਮਾਰਗ, ਦਿੱਲੀ ਦੇ ਥਾਣੇ ਵਿੱਚ ਦਰਜ ਹੋਇਆ ਸੀ ਅਤੇ 11 ਸਤੰਬਰ 1993 ਨੂੰ ਰਾਇਸੀਨਾ ਰੋਡ ਉੱਤੇ ਕਾਰ ਵਿੱਚ ਬੰਬ ਧਮਾਕਾ ਕੀਤਾ ਸੀ।ਸੱਤ ਮੈਂਬਰੀ ਬੋਰਡ ਨੇ ਫ਼ੈਸਲੇ ਵਿੱਚ ਇਹ ਲਿਖਿਆ ਹੈ ਕਿ ਉਮਰਕੈਦ ਕੱਟ ਰਹੇ ਪ੍ਰੋ. ਭੁੱਲਰ ਦੀ ਰਿਹਾਈ ਨਾਲ ਦੇਸ਼ ਨੂੰ ਖਾੜਕੂਆਂ ਤੋਂ ਗੰਭੀਰ ਖ਼ਤਰਾ ਹੈ, ਇਸ ਲਈ ਰਿਹਾਈ ਰੱਦ ਕੀਤੀ ਜਾਂਦੀ ਹੈ। ਬੈਂਸ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਨਾ ਇਸ ਰਿਹਾਈ ਦਾ ਕੇਸ ਦੁਬਾਰਾ ਖੋਲ੍ਹਣਾ ਚਾਹੁੰਦੇ ਹਨ ਅਤੇ ਨਾ ਉਨ੍ਹਾਂ ਦੀ ਸਰਕਾਰ ਜਾਂ ਖੁਦ ਆਪਣੇ ਉੱਤੇ ਲੈ ਰਹੇ ਹਨ, ਉਲਟਾ ਪੰਜਾਬ ਦੇ ਲੋਕਾਂ ਨੂੰ ਕੇਵਲ ਵੋਟਾਂ ਲੈਣ ਲਈ ਉਲਟੀ ਪੱਟੀ ਪੜ੍ਹਾਉਣ ਵਿੱਚ ਲੱਗੇ ਹਨ।

# ਹਥਿਆਰਬੰਦ ਬੰਦਿਆਂ ਵੱਲੋਂ ਦੋਸਤ ਨਾਲ ਕੁਕਰਮ, ਅਸ਼ਲੀਲ ਵੀਡੀਓ ਵਾਇਰਲ

ਮੋਗਾ, 1 ਫਰਵਰੀ (ਪੋਸਟ ਬਿਊਰੋ)- ਟਰੱਕ ਵਿੱਚੋਂ 30 ਹਜ਼ਾਰ ਰੁਪਏ ਚੋਰੀ ਕਰਨ ਦੇ ਸ਼ੱਕ ਵਿੱਚ ਕੁਝ ਹਥਿਆਰਬੰਦ ਲੜਕਿਆਂ ਨੇ ਮੋਗਾ ਜ਼ਿਲ੍ਹੇ ਦੇ ਇੱਕ ਪਿੰਡ ਦੇ 18 ਸਾਲਾ ਲੜਕੇ ਨੂੰ ਉਸ ਦੇ ਸਾਥੀ ਸਮੇਤ ਅਗਵਾ ਕਰਕੇ ਕੁੱਟ-ਮਾਰ ਕੀਤੀ ਤੇ ਉਸਦੇ ਸਾਥੀ ਨਾਲ ਜਬਰੀ ਕੁਕਰਮ ਕਰਵਾ ਕੇ ਅਸ਼ਲੀਲ ਵੀਡੀਓ ਬਣਾ ਲਈ।

ਇਸ ਸਬੰਧ ਵਿੱਚ ਧਰਮਕੋਟ ਪੁਲਸ ਨੇ ਪੀੜਤ ਲੜਕੇ ਦੀ ਸ਼ਿਕਾਇਤ ਉੱਤੇ ਜਗਜੀਤ ਸਿੰਘ ਪਿੰਡ ਕੜਿਆਲ, ਅਵਤਾਰ ਸਿੰਘ, ਲਖਵੀਰ ਸਿੰਘ ਉਰਫ਼ ਸੋਨੂੰ, ਜਗਸੀਰ ਸਿੰਘ ਤਿੰਨੇ ਪਿੰਡ ਜਲਾਲਾ-ਬਾਦ ਪੂਰਬੀ, ਗੁਰਵਿੰਦਰ ਸਿੰਘ ਉਰਫ਼ ਬੱਬੂ, ਹਰਮਨਜੀਤ ਸਿੰਘ ਉਰਫ਼ ਬਿੱਲਾ ਵਾਸੀ ਧਰਮਕੋਟ ਅਤੇ 3-4 ਅਣਪਛਾਤੇ ਮੁੰਡਿਆਂ ਉੱਤੇ ਬੰਦੀ ਬਣਾਉਣ ਅਤੇ ਕੁਕਰਮ ਕਰਨ ਦੇ ਨਾਲ ਹੋਰ ਦੋਸ਼ਾਂ ਦਾ ਕੇਸ ਦਰਜ ਕਰਕੇ ਛੇ ਦੋਸ਼ੀਆਂ ਨੂੰ ਕਾਬੂ ਕਰ ਲਿਆ ਗਿਆ ਹੈ।

# ਸਨੀ ਦਿਓਲ ਦੀ ਗੈਰ ਹਾਜ਼ਰੀ ਕਾਰਨ ਭਾਜਪਾ ਵਿੱਚ ਟੈਨਸ਼ਨ ਵਧੀ

ਅੰਮ੍ਰਿਤਸਰ, 1 ਫਰਵਰੀ (ਪੋਸਟ ਬਿਊਰੋ)- ਪੰਜਾਬ ਵਿਧਾਨ ਸਭਾ ਚੋਣਾਂ ਦਾ ਮੈਦਾਨ ਭਖ ਚੁੱਕਾ ਹੈ ਤੇ ਭਾਜਪਾ ਪਹਿਲੀ ਵਾਰ 65 ਸੀਟਾਂ ਉੱਤੇ ਚੋਣ ਲੜ ਰਹੀ ਹੈ, ਪ੍ਰੰਤੂ ਗੁਰਦਾਸਪੁਰ ਤੋਂ ਭਾਜਪਾ ਪਾਰਲੀਮੈਂਟ ਮੈਂਬਰ ਅਤੇ ਬਾਲੀਵੁੱਡ ਸਟਾਰ ਸਨੀ ਦਿਓਲ ਭਾਜਪਾ ਉਮੀਦਵਾਰਾਂ ਦੇ ਚੋਣ ਪ੍ਰਚਾਰ ਤੋਂ ਦੂਰੀ ਬਣਾਈ ਬੈਠੇ ਹਨ।



ਮਿਲੀ ਜਾਣਕਾਰੀ ਅਨੁਸਾਰ ਗੁਰਦਾਸਪੁਰ ਜ਼ਿਲੇ ਵਿਚਲੇ ਭਾਜਪਾ ਉਮੀਦਵਾਰ ਸਨੀ ਦਿਓਲ ਦਾ ਰਾਹ ਦੇਖ ਰਹੇ ਹਨ ਤਾਂ ਕਿ ਉਹ ਉਨ੍ਹਾਂ ਨੂੰ ਆਪਣੇ ਹਲਕੇ ਵਿੱਚ ਲਿਜਾ ਕੇ ਪ੍ਰਚਾਰ ਕਰਾ ਸਕਣ। ਸਨੀ ਦੀ ਗੈਰ ਮੌਜੂਦਗੀ ਨਾਲ ਭਾਜਪਾ ਉਮੀਦਵਾਰਾਂ ਤੇ ਵਰਕਰਾਂ ਵਿੱਚ ਭਾਰੀ ਰੋਸ ਹੈ। 2019 ਦੀਆਂ ਲੋਕ ਸਭਾ ਚੋਣਾਂ ਵੇਲੇ ਪ੍ਰਚਾਰ ਦੌਰਾਨ ਸਨੀ ਨੇ ਭਾਜਪਾ ਵਰਕਰਾਂ ਨਾਲ ਵਾਅਦਾ ਕੀਤਾ ਸੀ ਕਿ ਉਹ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦਾ ਪ੍ਰਚਾਰ ਕਰਨ ਆਉਣਗੇ, ਪਰ ਉਨ੍ਹਾਂ ਦਾ ਇਹ ਵਾਅਦਾ ਅਜੇ ਤਕ ਜ਼ਮੀਨੀ ਸੱਚਾਈ ਤੋਂ ਪਰੇ ਹੈ। ਕਿਸਾਨ ਅੰਦੋਲਨ ਅਤੇ ਕੋਰੋਨਾ ਵਿੱਚ ਵੀ ਸਨੀ ਆਪਣੇ ਲੋਕ ਸਭਾ ਹਲਕੇ ਤੋਂ ਦੂਰ ਰਹੇ ਹਨ। ਬੀਤੇ ਸਾਲ ਪਠਾਨਕੋਟ ਵਿੱਚ ਕਾਂਗਰਸ ਵਰਕਰਾਂ ਨੇ ਬੱਸ ਸਟੈਂਡ ਅਤੇ ਰੇਲਵੇ ਸਟੇਸ਼ਨਾਂ ਉੱਤੇ ਸਨੀ ਦਿਓਲ ਦੇ ਲਾਪਤਾ ਹੋਣ ਦੇ ਪੋਸਟਰ ਵੀ ਲਗਾਏ ਸਨ।

# ਪੰਜਾਬ ਦਾ ਵੱਡਾ ਆਈ ਏ ਐਸ ਅਫ਼ਸਰ ਦੋ ਲੱਖ ਰੁਪਏ ਰਿਸ਼ਵਤ ਲੈਂਦਾ ਕਾਬੂ

ਚੰਡੀਗੜ੍ਹ, 1 ਫਰਵਰੀ (ਪੋਸਟ ਬਿਊਰੋ)- ਸੀ ਬੀ ਆਈ ਨੇ ਕੱਲ੍ਹ ਵੱਡੀ ਕਾਰਵਾਈ ਕਰਦਿਆਂ ਪੰਜਾਬ ਦੇ ਆਈ ਏ ਐਸ ਅਧਿਕਾਰੀ ਪਰਮਜੀਤ ਸਿੰਘ ਨੂੰ ਦੋ ਲੱਖ ਰੁਪਏ ਰਿਸ਼ਵਤ ਲੈਂਦੇ ਹੋਏ ਫੜ ਲਿਆ ਹੈ। ਇਹ ਅਧਿਕਾਰੀ ਡਾਇਰੈਕਟਰ ਟਰਾਂਸਪੋਰਟ ਦੇ ਅਹੁਦੇ ਉੱਤੇ ਤੈਨਾਤ ਸੀ। ਸੀ ਬੀ ਆਈ ਨੇ ਇਹ ਕਾਰਵਾਈ ਜਨਰਲ ਮੈਨੇਜਰ ਦੀ ਤਰੱਕੀ ਦੇ ਕੇਸ ਵਿੱਚ ਇੱਕ ਅਧਿਕਾਰੀ ਵੱਲੋਂ ਦਿੱਤੀ ਸ਼ਿਕਾਇਤ ਉੱਤੇ ਕੀਤੀ।



ਮਿਲੀ ਜਾਣਕਾਰੀ ਅਨੁਸਾਰ ਸੀ ਬੀ ਆਈ ਨੇ ਕੱਲ੍ਹ ਬਾਅਦ ਦੁਪਹਿਰ ਚੰਡੀਗੜ੍ਹ ਵਿਚਲੇ ਟਰਾਂਸਪੋਰਟ ਵਿਭਾਗ ਦੇ ਦਫ਼ਤਰ ਉੱਤੇ ਛਾਪਾ ਮਾਰ ਕੇ ਆਈ ਏ ਐਸ ਅਧਿਕਾਰੀ ਨੂੰ ਫੜਿਆ ਅਤੇ ਉਸ ਦੇ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਕੇਸ ਦਰਜ ਕਰਨ ਪਿੱਛੋਂ ਉਸ ਦੇ ਚੰਡੀਗੜ੍ਹ ਤੇ ਮੋਹਾਲੀ ਟਿਕਾਣਿਆਂ ਉੱਤੇ ਵੀ ਛਾਪੇ ਮਾਰ ਕੇ ਦਸਤਾਵੇਜ਼ ਆਦਿ ਕਬਜ਼ੇ ਵਿੱਚ ਲਏ ਹਨ। ਉਸ ਤੋਂ 30 ਲੱਖ ਰੁਪਏ ਨਕਦੀ ਮਿਲੇ ਹਨ। ਸੀ ਬੀ ਆਈ ਨੂੰ ਮਿਲੀ ਸ਼ਿਕਾਇਤ ਵਿੱਚ ਦੋਸ਼ ਲਾਇਆ ਗਿਆ ਸੀ ਕਿ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਵਿੱਚ ਤਰੱਕੀ ਦਿਵਾਉਣ ਲਈ ਵਿਭਾਗ ਦੇ ਪ੍ਰਿੰਸੀਪਲ ਸੈਕਟਰੀ ਦੇ ਨਾਂ ਉੱਤੇ ਪੰਜ ਲੱਖ ਰੁਪਏ ਮੰਗੇ ਸਨ ਅਤੇ ਦੋ ਲੱਖ ਰੁਪਏ ਵਿੱਚ ਸੌਦਾ ਹੋਇਆ ਸੀ।

# ਪੰਜਾਬ ਰੋਡਵੇਜ਼ ਦੀਆਂ ਬੱਸਾਂ ਵਰਕਸ਼ਾਪ ਵਿੱਚ ਖੜ੍ਹੀਆਂ-ਖੜ੍ਹੀਆਂ ਕੰਡਮ ਹੋਣ ਲੱਗੀਆਂ

## * 250 ਤੋਂ ਵੱਧ ਨਵੀਆਂ ਬੱਸਾਂ ਮਿਲੀਆਂ, ਡਰਾਈਵਰ ਹੈ ਨਹੀਂ

ਜਲੰਧਰ, 1 ਫਰਵਰੀ (ਪੋਸਟ ਬਿਊਰੋ)- ਪੰਜਾਬ ਰੋਡਵੇਜ਼ ਦੀਆਂ ਬੱਸਾਂ ਦਾ ਨਵਾਂ ਫਲੀਟ ਆ ਗਿਆ ਹੈ, ਪਰ ਜੇ ਨੇੜਲੇ ਭਵਿੱਖ ਵਿੱਚ ਸਟਾਫ ਨਾ ਮਿ-ਲਿਆ ਤਾਂ ਇਹ ਬੱਸਾਂ ਵਰਕਸ਼ਾਪ ਵਿੱਚ ਖੜ੍ਹੇ-ਖੜ੍ਹੇ ਕੰਡਮ ਹੋ ਜਾਣਗੀਆਂ।

ਮਿਲੀ ਜਾਣਕਾਰੀ ਅਨੁਸਾਰ ਪੰਜਾਬ ਰੋਡਵੇਜ਼ ਦੇ ਬੇੜੇ ਵਿੱਚ 585 ਨਵੀਆਂ ਬੱਸਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਢਾਈ ਸੌ ਤੋਂ ਵੱਧ ਬੱਸਾਂ ਰੋਡਵੇਜ਼ ਨੂੰ ਮਿਲ ਗਈਆਂ ਹਨ। ਇਸ ਦੇ ਬਾਅਦ ਹਾਲਾਤ ਇਹ ਹਨ ਕਿ ਬੱਸਾਂ ਨੂੰ ਚਲਾਉਣ ਲਈ ਲੋੜੀਂਦਾ ਸਟਾਫ ਨਹੀਂ ਮਿਲ ਰਿਹਾ। ਰੋਡਵੇਜ਼ ਦੇ ਡਿਪੂ ਮੈਨੇਜਰ ਨਵੀਆਂ ਬੱਸਾਂ ਚਲਾਉਣ ਵੱਲ ਧਿਆਨ ਦੇ ਰਹੇ ਹੋਣ ਕਾਰਨ ਡਿੱਪੂ ਕੋਲ ਮੌਜੂਦ ਪੁਰਾਣੀਆਂ ਬੱਸਾਂ ਨੂੰ ਬਿਨਾਂ ਸਟਾਫ ਦੇ ਵਰਕਸ਼ਾਪ ਵਿੱਚ ਖੜ੍ਹਾ ਕਰਨਾ ਪੈ ਰਿਹਾ ਹੈ। ਪੰਜਾਬ ਰੋਡਵੇਜ਼ ਵੱਲੋਂ ਬੱਸਾਂ ਦੀ ਫੈਬਰੀਕੇਸ਼ਨ ਜੈਪੁਰ ਵਿੱਚ ਕਰਵਾਈ ਜਾ ਰਹੀ ਹੈ ਅਤੇ ਉਥੋਂ ਆ ਰਹੀਆਂ ਨਵੀਆਂ ਬੱਸਾਂ ਦੀ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ।ਰੋਡਵੇਜ਼ ਦੇ ਅਧਿਕਾਰੀ ਖੁਦ ਕਹਿੰਦੇ ਹਨ ਕਿ ਪੁਰਾਣੀਆਂ ਬੱਸਾਂ ਦੇ ਖੜ੍ਹੇ ਹੋਣ ਦੀ ਸਮੱਸਿਆ ਖਤਰਨਾਕ ਰੂਪ ਧਾਰਨ ਕਰੇਗੀ। ਜ਼ਰੂਰਤ ਪੈਣ ਉੱਤੇ ਖੜ੍ਹੀਆਂ ਬੱਸਾਂ ਵਿੱਚੋਂ ਪੁਰਜ਼ੇ ਕੱਢ ਕੇ ਰੂਟ ਉੱਤੇਜਾਂਦੀਆਂ ਬੱਸਾਂ ਵਿੱਚ ਲੱਗਣ ਲੱਗ ਜਾਣਗੇ ਅਤੇ ਬੱਸਾਂ ਸੜਕਾਂ ਉੱਤੇ ਚੱਲਣ ਦੇ ਕਾਬਲ ਨਹੀਂ ਬਚਣਗੀਆਂ। ਪੰਜਾਬ ਰੋਡਵੇਜ਼ ਮੈਨੇਜਮੈਂਟਤੋਂ ਚੋਣ ਕਮਿਸ਼ਨ ਤੋਂ ਮਨਜ਼ੂਰੀ ਮੰਗੀ ਗਈ ਸੀ ਕਿ ਨਵੀਆਂ ਬੱਸਾਂ ਲਈ ਆਊਟਸੋਰਸ ਦੇ ਆਧਾਰ ਉੱਤੇ ਡਰਾਈਵਰ-ਕੰਡਕਟਰ ਭਰਤੀ ਕਰ ਲਏ ਜਾਣ, ਪ੍ਰੰਤੂ ਚੋਣ ਕਮਿਸ਼ਨ ਨੇ ਫਿਲਹਾਲ ਮਨਜ਼ੂਰੀ ਨਹੀਂ ਦਿੱਤੀ।

# ਅਗਵਾ ਦੇ ਦੋਸ਼ ਵਿੱਚ ਪੁਲਸ ਇੰਸਪੈਕਟਰ ਨੂੰ 10 ਸਾਲ ਕੈਦ ਤੇ 70 ਹਜ਼ਾਰ ਰੁਪਏ ਜ਼ੁਰਮਾਨਾ

ਐਸ ਏ ਐਸ ਨਗਰ, 1 ਫਰਵਰੀ (ਪੋਸਟ ਬਿਊਰੋ)- ਜੁਲਾਈ 1991 ਵਿੱਚ ਪੁਲਸ ਵੱਲੋਂ ਸੰਤੋਖ ਸਿੰਘ ਪਿੰਡ ਜਸਪਾਲ ਜ਼ਿਲ੍ਹਾ ਅੰਮ੍ਰਿਤਸਰ ਨੂੰ ਘਰੋਂ ਜ਼ਬਰਦਸਤੀ ਚੁੱਕ ਕੇ ਲਿਜਾਣ ਪਿੱਛੋਂਅੱਜ ਤਕ ਉਸ ਦਾ ਕੋਈ ਅਤਾ-ਪਤਾ ਨਾ ਲੱਗਣ ਦੇਣ ਦੇਕੇਸ ਵਿੱਚ ਸੀ ਬੀ ਆਈ ਦੀ ਵਿਸ਼ੇਸ਼ ਜੱਜ ਹਰਿੰਦਰ ਕੌਰ ਸਿੱਧੂ ਦੀ ਅਦਾਲਤ ਨੇ ਸਾਬਕਾ ਪੁਲਸ ਇੰਸਪੈਕਟਰ ਮੇਜਰ ਸਿੰਘ ਨੂੰ ਧਾਰਾ-364 ਦੇ ਅਧੀਨ 10 ਸਾਲ ਕੈਦ ਤੇ 50 ਹਜ਼ਾਰ ਰੁਪਏ ਜੁਰਮਾਨਾ ਅਤੇ ਧਾਰਾ 344 ਵਿੱਚ ਤਿੰਨ ਸਾਲ ਕੈਦ ਤੇ 20 ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ।

ਇਸ ਕੇਸ ਦੀ ਪੈਰਵਾਈ ਸੀ ਬੀ ਆਈ ਦੇ ਵਕੀਲ ਗਰਵਿੰਦਰ ਸਿੰਘ ਅਤੇ ਸ਼ਿਕਾਇਤ ਕਰਤਾ ਧਿਰ ਦੇ ਵਕੀਲ ਸਰਬਜੀਤ ਸਿੰਘ ਵੇਰਕਾ ਅਤੇ ਪੁਸ਼ਪਿੰਦਰ ਸਿੰਘ ਨੱਤ ਕਰ ਰਹੇ ਸਨ। ਵਕੀਲਾਂ ਨੇ ਦੱਸਿਆ ਕਿ 31 ਜੁਲਾਈ 1991 ਨੂੰ ਰਾਤ 8 ਵਜੇ ਦੇ ਕਰੀਬ ਥਾਣਾ ਸਦਰ ਤਰਨਤਾਰਨ ਦਾ ਓਦੋਂ ਦਾ ਮੁੱਖੀ ਮੇਜਰ ਸਿੰਘ ਪੁਲਸ ਨਾਲ ਸੰਤੋਖ ਸਿੰਘ ਦੇ ਘਰ ਆਇਆ ਅਤੇ ਸੰਤੋਖ ਸਿੰਘ ਨੂੰ ਜ਼ਬਰਦਸਤੀ ਨਾਲ ਲੈ ਗਿਆ। ਸੰਤੋਖ ਸਿੰਘ ਦਾ ਪਰਵਾਰ 8-10 ਦਿਨ ਲਗਾਤਾਰ ਥਾਣੇ ਜਾਂਦਾ ਰਿਹਾ ਅਤੇ ਪੁਲਸ ਉਨ੍ਹਾ ਨੂੰ ਇਹ ਕਹਿ ਕੇ ਵਾਪਸ ਭੇਜ ਦੇਂਦੀ ਰਹੀ ਕਿ ਉਸ ਨੂੰ ਪੁੱਛਗਿੱਛ ਤੋਂ ਬਾਅਦ ਜਲਦੀ ਛੱਡ ਦਿੱਤਾ ਜਾਵੇਗਾ। ਪਰਵਾਰ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਤਾਂ ਕੋਰਟ ਵੱਲੋਂ 23 ਫਰਵਰੀ 1998 ਨੂੰ ਉਕਤ ਕੇਸ ਸੀ ਬੀ ਆਈ ਨੂੰ ਰੈਫਰ ਕਰ ਦਿੱਤਾ ਸੀ।ਸੀ ਬੀ ਆਈ ਨੇ ਆਪਣੀ ਜਾਂਚ ਤੋਂ ਬਾਅਦ ਇੰਸਪੈਕਟਰ ਮੇਜਰ ਸਿੰਘ ਦੇ ਖ਼ਿਲਾਫ਼ 28 ਅਗਸਤ 1998 ਨੂੰ ਕੇਸ ਦਰਜ ਕੀਤਾ ਅਤੇ ਧਾਰਾ-364 ਅਤੇ 344 ਹੇਠ 21 ਅਪ੍ਰੈਲ 1999 ਨੂੰ ਅਦਾਲਤ ਵਿੱਚ ਚਾਰਜਸ਼ੀਟ ਦਾਖ਼ਲ ਕਰ ਦਿੱਤੀ। ਮੇਜਰ ਸਿੰਘ ਨੇ ਇਸ ਕੇਸ ਵਿੱਚ ਸੁਪਰੀਮ ਕੋਰਟ ਨੂੰ ਰਿੱਟ ਦਾਇਰ ਕਰ ਦਿੱਤੀ, ਪਰ ਪਿਛਲੇ ਸਾਲ ਹਾਈ ਕੋਰਟ ਨੇ ਦੋ ਮਹੀਨਿਆਂ ਵਿੱਚ ਉਸ ਕੇਸ ਦਾ ਨਿਪਟਾਰਾ ਕਰਨ ਦੇ ਹੁਕਮ ਦਿੱਤੇ ਸਨ। ਇਸ ਕੇਸ ਵਿੱਚ ਸੰਤੋਖ ਸਿੰਘ ਦੀ ਮਾਤਾ ਸਵਰਨ ਕੌਰ ਨੇ ਮੁਆਵਜ਼ੇ ਲਈ ਅਦਾਲਤ ਵਿੱਚ ਅਪੀਲ ਦਾਇਰ ਕੀਤੀ, ਪਰ ਸੀ ਬੀ ਆਈ ਅਦਾਲਤ ਨੇ ਮੁਆਵਜ਼ੇ ਦਾ ਕੇਸ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੂੰ ਭੇਜ ਦਿੱਤਾ ਹੈ।ਸੰਤੋਖ ਸਿੰਘ ਦੀ ਮਾਤਾ ਸਵਰਨ ਕੌਰ ਦਾ ਕਹਿਣਾ ਹੈ ਕਿ ਉਸ ਦੇ ਚਾਰ ਲੜਕੇ ਅਤੇ ਇੱਕ ਲੜਕੀ ਸਨ। ਉਸ ਦੇ ਦੂਜੇ ਲੜਕੇ ਗੁਰਭੇਜ ਸਿੰਘ ਨੂੰ ਵੀ ਪੁਲਸ ਵੱਲੋਂ ਮੁਕਾਬਲੇ ਵਿੱਚ ਮਾਰ ਦਿੱਤਾ ਗਿਆ ਸੀ, ਜਦਕਿ ਤੀਸਰਾ ਲੜਕਾ ਗੁਰਮੇਜ ਸਿੰਘ ਅੱਜਕੱਲ੍ਹ ਬਿਜਲੀ ਬੋਰਡ ਵਿੱਚ ਨੌਕਰੀ ਕਰ ਰਿਹਾ ਹੈ।

## * ਪੀੜਤ ਦੇ ਦੂਸਰੇ ਭਰਾ ਦੀ ਮੁਕਾਬਲੇ ਵਿੱਚ ਮੌਤ

# ਦਿੱਲੀ ਅਕਾਲੀ ਦਲ (ਬ) ਦੇ ਸੂਬਾ ਪ੍ਰਧਾਨ ਕਾਲਕਾ ਵੱਲੋਂ ਅਸਤੀਫਾ



ਨਵੀਂ ਦਿੱਲੀ, 1 ਫਰਵਰੀ (ਪੋਸਟ ਬਿਊਰੋ)- ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਦਿੱਲੀ ਵਿੱਚ ਵੱਡਾ ਝਟਕਾ ਲੱਗਾ ਅਤੇ ਓਥੇ ਇਹ ਪਾਰਟੀ ਟੁੱਟਣ ਦੇ ਕੰਢੇ ਪੁੱਜ ਗਈ ਹੈ।ਪਾਰਟੀ ਦੇ ਦਿੱਲੀ ਇਕਾਈ ਦੇ ਸੂਬਾ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕੱਲ੍ਹ ਦੀ ਸ਼ਾਮ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਹਰਮੀਤ ਸਿੰਘ ਕਾਲਕਾ ਦਾ ਅਸਤੀਫਾ ਉਸ ਸਮੇਂ ਆਇਆ ਜਦੋਂ ਉਨ੍ਹਾਂ ਦੀ ਪਾਰਟੀ ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਸੰਘਰਸ਼ ਕਰ ਰਹੀ ਹੈ। ਕਾਲਕਾ ਨੇ ਸੁਖਬੀਰ ਸਿੰਘ ਬਾਦਲ ਨੂੰ ਭੇਜੇ ਆਪਣੇ ਅਸਤੀਫ਼ੇ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਠੀਕ ਤਰੀਕੇ ਚਲਾਉਣ 'ਚਿ ਅੜਿਕੇ ਨੂੰ ਕਾਰਨ ਦੱਸਿਆ ਹੈ। ਉਨ੍ਹਾ ਦੇ ਪਾਰਟੀ ਪ੍ਰਧਾਨ ਦਾ ਅਹੁਦਾ ਛੱਡਣ ਤੋਂ ਬਾਅਦ ਦਿੱਲੀ ਦੀ ਸਿੱਖ ਸਿਆਸਤ ਤੇਜ਼ ਹੋ ਗਈ ਤੇ ਅਹੁਦੇਦਾਰਾਂ ਅਤੇ ਵਰਕਰਾਂ ਵਿੱਚ ਹੁੜਦੰਗ ਮਚ ਗਿਆ ਹੈ। ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਵਿੱਚ ਉਤਰੀ ਪਾਰਟੀ ਦੇ ਯੋਧੇ ਇੱਕ-ਇੱਕ ਕਰ ਕੇ ਪਾਰਟੀ ਛੱਡ ਰਹੇ ਹਨ। ਇਸ ਸਮੇਂ ਦਿੱਲੀ ਵਿੱਚ ਅਕਾਲੀ ਦਲ ਕੋਲ ਨਾ ਮਹਿਲਾ ਪ੍ਰਧਾਨ ਹੈ ਤੇ ਨਾ ਮਰਦ ਪ੍ਰਧਾਨ। ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਬੀਬੀ ਰਣਜੀਤ ਕੌਰ ਨੇ ਦੋ ਦਿਨ ਪਹਿਲਾਂ ਅਸਤੀਫ਼ਾ ਦੇ ਦਿੱਤਾ ਸੀ।

ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਦਾ ਅਹੁਦਾ ਛੱਡਣ ਵਾਲੇ ਹਰਮੀਤ ਸਿੰਘ ਕਾਲਕਾ ਨੇ ਬਾਕੀ ਮੈਂਬਰਾਂ ਨਾਲ ਮਿਲ ਕੇ ਨਵੀਂ ਪਾਰਟੀ ਸੁਸਾਇਟੀ ਐਕਟ ਤਹਿਤ ਰਜਿਸਟਰਡ ਕਰਵਾ ਲਈ ਹੈ। ਸੂਤਰਾਂ ਮੁਤਾਬ ਉਸ ਪਾਰਟੀ ਦਾ ਨਾਂ ਸ਼੍ਰੋਮਣੀ ਅਕਾਲੀ ਦਲ (ਦਿੱਲੀ ਸਟੇਟ) ਦੱਸਿਆ ਜਾ ਰਿਹਾ ਹੈ। ਕਾਲਕਾ ਦੀ ਪਤਨੀ ਮਨਪ੍ਰੀਤ ਕੌਰ ਕਾਲਕਾ ਇਸ ਸਮੇਂ ਭਾਜਪਾ ਵੱਲੋਂ ਨਗਰ ਨਿਗਮ ਦੀ ਕੌਂਸਲਰ ਹਨ।ਇਸ ਤੋਂ ਇਲਾਵਾ ਦਿੱਲੀ ਗੁਰਦੁਆਰਾ ਕਮੇਟੀ ਦੇ ਕਈ ਮੌਜੂਦਾ ਮੈਂਬਰ ਚੋਣਾਂ ਲੜਨ ਦੇ ਇੱਛੁਕ ਹਨ, ਇਸ ਲਈ ਹੋ ਸਕਦਾ ਹੈ ਕਿ ਨਵੀਂ ਪਾਰਟੀ ਦੇ ਝੰਡੇ ਹੇਠ ਕਾਲਕਾ ਦਿੱਲੀ ਨਿਗਮ ਚੋਣਾਂ ਲਈ ਭਾਜਪਾ ਜਾਂ ਦਿੱਲੀ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਨਾਲ ਗਠਜੋੜ ਕਰ ਸਕਦੇ ਹਨ।

# ਪਾਰਟੀਗੇਟ ਰਿਪੋਰਟ ਜਾਰੀ ਹੋਣ ਬਾਅਦ ਜੌਹਨਸਨ ਨੇ ਮੁਆਫੀ ਮੰਗੀ

*** ਕੋਰੋਨਾ ਪਾਬੰਦੀਆਂ ਦੀ ਉਲੰਘਣਾ ਕਰ ਕੇ ਪਾਰਟੀਆਂ ਕਰਨ ਉੱਤੇ ਇਤਰਾਜ਼**



ਲੰਡਨ, 1 ਫਰਵਰੀ (ਪੋਸਟ ਬਿਊਰੋ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੇ ਡਾਊਨਿੰਗ ਸਟਰੀਟ ਵਿੱਚ ਲਾਕਡਾਊਨ ਦੀ ਉਲੰਘਣ ਕਰਨ ਵਾਲੀਆਂ ਪਾਰਟੀਆਂ ਲਈ ਕੱਲ੍ਹ ਮੁਆਫੀ ਮੰਗੀ, ਪਰ ਉਨ੍ਹਾਂ ਕਿਹਾ ਕਿ ਉਨ੍ਹਾਂ ਤੇ ਉਨ੍ਹਾਂ ਦੀ ਸਰਕਾਰ ਉੱਤੇ ਭਰੋਸਾ ਕੀਤਾ ਜਾ ਸਕਦਾ ਹੈ।

ਬੋਰਿਸ ਜੌਹਨਸਨ ਨੇ ਹਾਊਸ ਆਫ ਕਾਮਨਸ ਵਿੱਚ ਪਾਰਲੀਮੈਂਟ ਮੈਂਬਰਾਂ ਨੂੰ ਕਿਹਾ ਕਿ ਉਹ ਪਾਰਟੀਗੇਟ ਕੇਸ ਦੇ ਮੱਦੇਨਜ਼ਰ ਸਰਕਾਰ ਚਲਾਉਣ ਦੇ ਤਰੀਕੇ ਵਿੱਚ ਬਦਲਾਅ ਕਰਨਗੇ। ਉਨ੍ਹਾਂ ਕਿਹਾ, ''ਮੈਨੂੰ ਆਸ ਹੈ ਕਿ ਮੈਂ ਇਹ ਠੀਕ ਕਰ ਦਿਆਂਗਾ।'' ਉਨ੍ਹਾਂ ਦੀ ਟਿੱਪਣੀ ਉਦੋਂ ਆਈ ਹੈ ਜਦੋਂ ਸੀਨੀਅਰ ਅਫਸਰ ਸੂ ਗ੍ਰੇਅ ਨੇ ਕੇਸ ਦੀ ਜਾਂਚ ਵਿੱਚ ਕਿਹਾ ਹੈ ਕਿ ਪ੍ਰਧਾਨ ਮੰਤਰੀ ਤੇ ਉਨ੍ਹਾਂ ਦੇ ਸਟਾਫ ਵੱਲੋਂ 2020 ਅਤੇ 2021 ਵਿੱਚ ਕੋਵਿਡ ਪਾਬੰਦੀਆਂ ਮੌਕੇ ਪਾਰਟੀਆਂ ਕਰਨੀਆਂ ਨਿਯਮਾਂ ਦੀ ਉਲੰਘਣਾ ਸੀ। ਪੁਲਸ ਵੱਖਰੇ ਤੌਰ ਉੱਤੇ ਇਸ ਦੀ ਜਾਂਚ ਕਰ ਰਹੀ ਹੈ। ਇਸ ਤੋਂ ਪਹਿਲਾਂ ਕੈਬਨਿਟ ਦਫਤਰ ਨੇ ਕਿਹਾ ਸੀ ਕਿ ਸੀਨੀਅਰ ਅਫਸਰ ਸੂ ਗ੍ਰੇਅ ਨੇ ਪ੍ਰਧਾਨ ਮੰਤਰੀ ਨੂੰ ਆਪਣੀ ਜਾਂਚ ਦੀ ਤਾਜ਼ਾ ਜਾਣਕਾਰੀ ਦੇ ਦਿੱਤੀ ਹੈ। ਜੌਹਨਸਨ ਦੇ ਦਫਤਰ ਨੇ ਕਿਹਾ ਸੀ ਕਿ ਰਿਪੋਰਟ ਜਾਰੀ ਕੀਤੀ ਜਾਵੇਗੀ ਅਤੇ ਪ੍ਰਧਾਨ ਮੰਤਰੀ ਇਸ ਬਾਰੇ ਪਾਰਲੀਮੈਂਟ ਵਿੱਚ ਬਿਆਨ ਵੀ ਦੇਣਗੇ। ਉਨ੍ਹਾਂ ਕਿਹਾ ਕਿ 'ਅਪਡੇਟ ਜਾਣਕਾਰੀ' ਵਿੱਚ ਪੂਰੀ ਗੱਲ ਦੱਸੇ ਜਾਣ ਦੀ ਸੰਭਾਵਨਾ ਹੈ।

# ਲੰਡਨ ਦੇ ਹਸਪਤਾਲ ਦੀ ਡਾਕਟਰ ਵੱਲੋਂ ਦਿੱਲੀ 'ਚ ਖ਼ੁਦਕੁਸ਼ੀ




ਨਵੀਂ ਦਿੱਲੀ, 1 ਫਰਵਰੀ (ਪੋਸਟ ਬਿਊਰੋ)- ਲੰਡਨ ਦੇ ਇੱਕ ਹਸਪਤਾਲ ਵਿੱਚ ਕੰਮ ਕਰਦੀ 40 ਸਾਲਾ ਇੱਕ ਮਹਿਲਾ ਡਾਕਟਰ ਨੇ ਦੱਖਣੀ ਦਿੱਲੀ ਦੇ ਗ੍ਰੇਟਰ ਕੈਲਾਸ਼ ਸਥਿਤ ਆਪਣੇ ਘਰ ਵਿੱਚ ਖ਼ੁਦਕੁਸ਼ੀ ਕਰ ਲਈ ਹੈ।

ਪੁਲਸ ਅਨੁਸਾਰ ਮ੍ਰਿਤਕ ਡਾਕਟਰ ਦੀ ਪਛਾਣ ਮੇਘਾ ਕਾਇਲ ਵਜੋਂ ਹੋਈ ਹੈ। ਉਹ ਆਪਣੀ 79 ਸਾਲਾ ਮਾਂ ਦੀ ਮੌਤ ਕਾਰਨ ਪਰੇਸ਼ਾਨ ਸੀ।ਮੌਕੇ ਤੋਂ ਸੁਸਾਈਡ ਨੋਟ ਮਿਲਿਆ ਹੈ। ਪੁਲਸ ਨੇ ਕਿਹਾ ਕਿ ਡਾਕਟਰ ਦੇ ਪੱਟ ਉੱਤੇ ਸੱਟਾਂ ਦੇ ਨਿਸ਼ਾਨ ਮਿਲੇ ਹਨ। ਮੇਘਾ ਕਾਇਲ ਪਿਛਲੇ ਇੱਕ ਸਾਲ ਤੋਂ ਲੰਡਨ ਦੇ ਮਿਲਟਨ ਕੀਨਜ਼ ਯੂਨੀਵਰਸਿਟੀ ਹਸਪਤਾਲ ਵਿੱਚ ਨਿਊਰੋਲਾਜਿਸਟ ਵਜੋਂ ਕੰਮ ਕਰ ਰਹੀ ਸੀ। ਇਸ ਤੋਂ ਪਹਿਲਾਂ ਉਹ ਦਿੱਲੀ ਦੇ ਸਰਿਤਾ ਵਿਹਾਰ ਇਲਾਕੇ ਵਿੱਚ ਅਪੋਲੋ ਹਸਪਤਾਲ ਵਿੱਚ ਕੰਮ ਕਰਦੀ ਸੀ। ਪੁਲਸ ਡਿਪਟੀ ਕਮਿਸ਼ਨਰ ਅਨੁਸਾਰ, 'ਜਦੋਂ ਵਾਰ-ਵਾਰ ਫ਼ੋਨ ਕਰਨ ਤੋਂ ਬਾਅਦ ਵੀ ਉਹ ਬਾਹਰ ਨਾ ਆਈ ਤਾਂ ਸਵੇਰੇ ਕਰੀਬ 7.40 ਵਜੇ ਕਾਇਲ ਦੀ ਭਰਜਾਈ ਨੇ ਨਕਲੀ ਚਾਬੀ ਨਾਲ ਉਸ ਦੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ। ਕਮਰੇ ਦੇ ਅੰਦਰ, ਮੇਘਾ ਬੇਹੋਸ਼ ਪਈ ਸੀ। ਉਸ ਦੇ ਪੱਟ ਉਤੇ ਸੱਟ ਦੇ ਨਿਸ਼ਾਨ ਮਿਲੇ। ਪਰਵਾਰ ਦੇ ਮੈਂਬਰਾਂ ਨੇ ਉਸ ਨੂੰ ਅਪੋਲੋ ਹਸਪਤਾਲ ਦਾਖਲ ਕਰਵਾਇਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।''

## ਕਰਨਾਟਕ ਕਾਂਗਰਸ ਦੇ ਪ੍ਰਧਾਨ ਨਾਲ ਰਾਜ ਦੇ ਮੰਤਰੀ ਦੀ ਮੁਲਾਕਾਤ ਨੇ ਨਵੀਂ ਚਰਚਾ ਛੇੜੀ



ਬੰਗਲੌਰ, 1 ਫਰਵਰੀ (ਪੋਸਟ ਬਿਊਰੋ)- ਕਰਨਾਟਕ ਦੀ ਭਾਜਪਾ ਸਰਕਾਰ ਦੇ ਮੰਤਰੀ ਆਨੰਦ ਸਿੰਘ ਤੇ ਸੂਬਾ ਕਾਂਗਰਸ ਦੇ ਮੁਖੀ ਡੀ ਕੇ ਸ਼ਿਵਕੁਮਾਰ ਵਿਚਾਲੇ ਹੋਈ ਮੀਟਿੰਗ ਨਾਲ ਕਈ ਕਿਆਫੇ ਸ਼ੁਰੂ ਹੋ ਗਏ ਹਨ।

ਪਤਾ ਲੱਗਾ ਹੈ ਕਿ ਇਹ ਮੀਟਿੰਗ ਕਾਂਗਰਸ ਦੇ ਸੂਬਾਈ ਪ੍ਰਧਾਨ ਦੇ ਘਰ ਵਿੱਚ ਹੋਈ ਹੈ। ਵਿਰੋਧੀ ਧਿਰ ਕਾਂਗਰਸ ਨੇ ਪਿੱਛੇ ਜਿਹੇ ਦਾਅਵਾ ਕੀਤਾ ਸੀ ਕਿ ਸੱਤਾਧਾਰੀ ਧਿਰ ਦੇ ਕੁਝ ਆਗੂ, ਜਿਨ੍ਹਾਂ ਵਿੱਚ ਕੁਝ ਮੰਤਰੀ ਸ਼ਾਮਲ ਹਨ, ਉਨ੍ਹਾਂ ਦੇ ਸੰਪਰਕ ਵਿੱਚ ਹਨ। ਮੁੱਖ ਮੰਤਰੀ ਬਸਵਰਾਜ ਬੋਮਈ ਦੀ ਕੈਬਨਿਟ ਵਿੱਚ ਸੈਰ ਸਪਾਟਾ ਅਤੇ ਵਾਤਾਵਰਣ ਬਾਰੇ ਮੰਤਰੀ ਆਨੰਦ ਕੱਲ੍ਹ ਪ੍ਰਾਈਵੇਟ ਕਾਰ ਵਿੱਚ ਕਾਂਗਰਸ ਪ੍ਰਧਾਨ ਦੇ ਘਰ ਗਏ। ਇਸ ਨਾਲ ਸਿਆਸੀ ਹਲਕਿਆਂ, ਖਾਸ ਕਰ ਕੇ ਭਾਜਪਾ ਅੰਦਰ ਨਵੀਂ ਚਰਚਾ ਛਿੜ ਗਈ ਹੈ। ਮੀਡੀਆ ਨੂੰ ਸ਼ਿਵ ਕੁਮਾਰ ਨੇ ਦੱਸਿਆ ਕਿ ਉਹ ਮੰਤਰੀ ਨੂੰ ਆਪਣੇ ਹਲਕੇ ਦੇ ਇੱਕ ਸੈਰ ਸਪਾਟਾ ਪ੍ਰੋਜੈਕਟ ਲਈ ਮਿਲੇ ਸਨ। ਉਨ੍ਹਾਂ ਸਾਰੀਆਂ ਸਿਆਸੀ ਕਿਆਸਰਾਈਆਂ ਨੂੰ ਰੱਦ ਕਰ ਦਿੱਤਾ, ਜਦ ਕਿ ਕੁਝ ਰਿਪੋਰਟਾਂ ਮੁਤਾਬਕ ਆਨੰਦ ਸਿੰਘ ਮੁੱਖ ਮੰਤਰੀ ਦੇ ਕੁਝ ਫੈਸਲਿਆਂ ਤੋਂ ਖੁਸ਼ ਨਹੀਂ ਹਨ। ਮੁੱਖ ਮੰਤਰੀ ਨੇ ਵੀ ਇਸ ਮੁਲਾਕਾਤ ਉਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

# ਤਰੁਣ ਤੇਜਪਾਲ ਕੇਸ ਵਿੱਚ ਦੂਸਰੇ ਜੱਜ ਨੇ ਵੀ ਸੁਣਵਾਈ ਤੋਂ ਖੁਦ ਨੂੰ ਅਲੱਗ ਕੀਤਾ



ਨਵੀਂ ਦਿੱਲੀ, 1 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਜੱਜ ਜਸਟਿਸ ਯੂ ਯੂ ਲਲਿਤ ਨੇ ਤਹਿਲਕਾ ਪੱਤ੍ਰਿਕਾ ਦੇ ਸਾਬਕਾ ਮੁੱਖ ਸੰਪਾਦਕ ਤਰੁਣ ਤੇਜਪਾਲ ਦੀ 'ਬੰਦ ਕਮਰੇ' ਵਿੱਚ ਸੁਣਵਾਈ ਦੀ ਗੁਹਾਰ ਲਾਉਣ ਵਾਲੀ ਪਟੀਸ਼ਨ ਤੋਂ ਕੱਲ੍ਹ ਖੁਦ ਨੂੰ ਅਲੱਗ ਕਰ ਲਿਆ। ਉਨ੍ਹਾ ਕਿਹਾ ਕਿ ਉਹ ਵਕੀਲ ਵਜੋਂ ਤਰੁਣ ਤੇਜਪਾਲ ਲਈ ਪੇਸ਼ ਹੋਏ ਸਨ, ਇਸ ਲਈ ਖੁਦ ਨੂੰ ਇਸ ਕੇਸ ਤੋਂ ਵੱਖ ਕਰਦੇ ਹਨ। ਤੇਜਪਾਲ ਦੀ ਅਰਜ਼ੀ ਉੱਤੇ ਕੋਈ ਹੋਰ ਬੈਂਚ ਸੁਣਵਾਈ ਕਰ ਸਕਦੀ ਹੈ।

ਜਸਟਿਸ ਲਲਿਤ ਪੱਤਰਕਾਰ ਤੇਜਪਾਲ ਦੀ ਪਟੀਸ਼ਨ ਤੋਂ ਆਪਣੇ ਆਪ ਨੂੰ ਅਲੱਗ ਕਰਨ ਵਾਲੇ ਦੂਸਰੇ ਜੱਜ ਹਨ। ਇਨ੍ਹਾਂ ਤੋਂ ਪਹਿਲਾਂ ਜਸਟਿਸ ਐਲ ਨਾਗੇਸ਼ਵਰ ਰਾਓ ਨੇ 21 ਜਨਵਰੀ ਨੂੰ ਖੁਦ ਨੂੰ ਸੁਣਵਾਈ ਤੋਂ ਅਲੱਗ ਕਰ ਲਿਆ ਅਤੇ ਕਿਹਾ ਸੀ ਕਿ ਉਹ ਸਾਲ 2015 ਅਤੇ 2016 ਵਿੱਚ ਗੋਆ ਸਰਕਾਰ ਵੱਲੋਂ ਕੋਰਟ ਵਿੱਚ ਪੇਸ਼ ਹੋਏ ਸਨ। ਇਸੇ ਕਾਰਨ ਉਨ੍ਹਾਂ ਨੇ ਇਸ ਕੇਸ ਦੀ ਸੁਣਵਾਈ ਤੋਂ ਖੁਦ ਨੂੰ ਅਲੱਗ ਕੀਤਾ ਹੈ।ਪਟੀਸ਼ਨਕਰਤਾ ਤੇਜਪਾਲ ਨੇ ਆਪਣੇ ਉਪਰ ਲੱਗੇ ਯੌਨ ਸ਼ੋਸ਼ਣ ਦੇ ਇੱਕ ਕੇਸ ਵਿੱਚ ਹੇਠਲੀ ਕੋਰਟ ਦੇ ਰਿਹਾਅ ਕਰਨ ਵਾਲੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਗੋਆ ਸਰਕਾਰ ਦੀ ਪਟੀਸ਼ਨ ਉੱਤੇ 'ਬੰਦ ਕਮਰੇ' ਵਿੱਚ ਸੁਣਵਾਈ ਦੀ ਗੁਹਾਰ ਲਾਈ ਹੈ। ਆਪਣੀ ਪਟੀਸ਼ਨ ਵਿੱਚ ਉਨ੍ਹਾਂ ਨੇ ਸੁਪਰੀਮ ਕੋਰਟ ਵਿੱਚ ਅਪੀਲ ਕੀਤੀ ਹੈ ਕਿ ਉਹ ਬੰਬੇ ਹਾਈ ਕੋਰਟ ਨੂੰ ਬੰਦ ਕਮਰੇ ਵਿੱਚ ਸੁਣਵਾਈ ਕਰਨ ਦਾ ਹੁਕਮ ਦੇਵੇ।

# ਮੰਗਲ ਗ੍ਰਹਿ ਉਤੇ ਦੋ ਤੋਂ ਢਾਈ ਅਰਬ ਸਾਲ ਪਹਿਲਾਂ ਪਾਣੀ ਦਾ ਪ੍ਰਭਾਵ ਰਿਹੈ

ਨੈਨੀਤਾਲ, 1 ਫਰਵਰੀ (ਪੋਸਟ ਬਿਊਰੋ)- ਮੰਗਲ ਹੀ ਇੱਕੋ-ਇੱਕ ਗ੍ਰਹਿ ਹੈ ਜਿਸ ਵਿੱਚ ਮਨੁੱਖੀ ਜੀਵਨ ਦੇ ਹੋਣ ਦੀਆਂ ਸੰਭਾਵਨਾਵਾਂ ਹਨ ਅਤੇ ਦੁਨੀਆ ਭਰ ਦੇ ਵਿਗਿਆਨੀ ਨਾਸਾ ਤੋਂ ਇਸ ਬਾਰੇ ਅਧਿਐਨ ਕਰ ਰਹੇ ਹਨ। ਨਾਸਾ ਦੀ ਨਵੀਂ ਖੋਜ ਤੋਂ ਪਤਾ ਲੱਗਾ ਹੈ ਕਿ ਦੋ ਤੋਂ ਢਾਈ ਅਰਬ ਸਾਲ ਪਹਿਲਾਂ ਮੰਗਲ ਦੀ ਸਤ੍ਹਾ ਉੱਤੇ ਪਾਣੀ ਹੋਵੇਗਾ। ਇਸ ਜਾਣਕਾਰੀ ਨਾਲ ਮੰਗਲ ਉੱਤੇ ਭਵਿੱਖ ਵਿੱਚ ਪਾਣੀ ਦੀ ਤਲਾਸ਼ ਨੂੰ ਨਵੀਂ ਦਿਸ਼ਾ ਮਿਲ ਸਕਦੀ ਹੈ।

ਆਰੀਆ ਭੱਟ ਲਾਂਚਿੰਗ ਖੋਜ ਸੰਸਥਾ ਦੇ ਸੀਨੀਅਰ ਵਿਗਿਆਨੀ ਡਾਕਟਰ ਸ਼ਸ਼ੀ ਭੂਸ਼ਣ ਪਾਂਡੇ ਮੁਤਾਬਕ ਮੰਗਲ ਉੱਤੇ ਕਿਸੇ ਵੀ ਤਰ੍ਹਾਂ ਦੀ ਨਵੀਂ ਜਾਣਕਾਰੀ ਵਿਗਿਆਨੀਆਂ ਲਈ ਉਤਸ਼ਾਹ ਵਧਾਉਣ ਵਾਲੀ ਹੁੰਦੀ ਹੈ, ਕਿਉਂਕਿ ਮੰਗਲ ਹੀ ਉਹ ਗ੍ਰਹਿ ਹੈ ਜਿਸ ਵਿੱਚ ਧਰਤੀ ਵਰਗੀਆਂ ਕਈ ਸਮਾਨਤਾਵਾਂ ਹਨ। ਇਸ ਕਾਰਨ ਇਸ ਗ੍ਰਹਿ ਉੱਤੇ ਮਨੁੱਖੀ ਬਸਤੀ ਵਸਾਉਣ ਦਾ ਸੁਫਨਾ ਵਿਗਿਆਨੀਆਂ ਦਾ ਹੈ। ਇਸ ਬਾਰੇ ਦੁਨੀਆ ਭਰ ਦੀਆਂ ਸਪੇਸ ਏਜੰਸੀਆਂ ਲਗਾਤਾਰ ਅਧਿਅਨ ਕਰ ਰਹੀਆਂ ਹਨ। ਇਸ ਖੋਜ ਨਾਲ ਮੰਗਲ ਉੱਤੇ ਪਾਣੀ ਦੀ ਉਪਲਬਧਤਾ ਦੇ ਸਹੀ ਸਮੇਂ ਦਾ ਪਤਾ ਲੱਗ ਗਿਆ ਹੈ, ਜਿਸ ਨਾਲ ਮੰਗਲ ਉੱਤੇ ਹੋ ਰਹੀਆਂ ਖੋਜਾਂ ਨੂੰ ਨਵੀਂ ਦਿਸ਼ਾ ਮਿਲ ਸਕਦੀ ਹੈ।

ਡਾਕਟਰ ਪਾਂਡੇ ਨੇ ਦੱਸਿਆ ਕਿ ਦਰਅਸਲ ਪਹਿਲਾਂ ਹੋਏ ਅਧਿਅਨਾਂ ਤੋਂ ਮੰਨਿਆ ਜਾਂਦਾ ਸੀ ਕਿ ਮੰਗਲ ਦੀ ਸਤ੍ਹਾ ਉੱਤੇ ਕਰੀਬ ਤਿੰਨ ਅਰਬ ਸਾਲ ਪਹਿਲਾਂ ਪਾਣੀ ਰਿਹਾ ਹੋਵੇਗਾ। ਨਵੀਂ ਜਾਣਕਾਰੀ ਨਾਲ ਇਸ ਸਮੇਂ ਦੀ ਮਿਆਦ ਵਿੱਚ ਕਾਫੀ ਫਰਕ ਆ ਗਿਆ ਹੈ। ਨਾਸਾ ਦੇ ਮਾਰਸ ਰਿਕੋਨੀਸੈਸ ਆਰਬੀਟਰ (ਐਮ ਆਰ ਓ) ਤੋਂ ਮਿਲੇ ਅੰਕੜਿਆਂ ਅਨੁਸਾਰ ਇਹ ਨਵੀਂ ਜਾਣਕਾਰੀ ਸਾਹਮਣੇ ਆਈ ਹੈ। ਇਸ ਨਾਲ ਮੰਗਲ ਦੀ ਸਤ੍ਹਾ ਉੱਤੇ ਪਾਣੀ ਦੀ ਹੋਂਦ ਦਾ ਸਹੀ ਪਤਾ ਲੱਗਦਾ ਹੈ। ਨਾਸਾ ਦਾ ਐਮ ਆਰ ਓ 2006 ਤੋਂ ਮੰਗਲ ਗ੍ਰਹਿ ਦਾ ਚੱਕਰ ਲਾ ਰਿਹਾ ਹੈ। ਇਸੇ ਨਾਲ ਲਾਲ ਗ੍ਰਹਿ ਉੱਤੇ ਇਹ ਜਾਣਕਾਰੀ ਮਿਲੀ ਹੈ। ਮੰਗਲ ਉੱਤੇ ਨਾਸਾ ਅੱਜ ਤਕ ਆਪਣੇ ਕਈ ਮਿਸ਼ਨਾਂ ਜ਼ਰੀਏ ਅਨੇਕਾਂ ਜਾਣਕਾਰੀਆਂ ਇਕੱਠੀਆਂ ਕਰ ਚੁੱਕਾ ਹੈ। ਇਸ ਵਿੱਚ ਇਸ ਗ੍ਰਹਿ ਉੱਤੇ ਪਾਣੀ, ਲੂਣ ਆਦਿ ਸਮੇਤ ਕਈ ਖੋਜਾਂ ਸ਼ਾਮਲ ਹਨ। ਵਿਗਿਆਨੀ ਇਹ ਜਾਨਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਮੰਗਲ ਉੱਤੇ ਕਿੰਨੇ ਸਮੇਂ ਤਕ ਸੂਖਮ ਜੀਵ ਰਹਿ ਸਕਦੇ ਹਨ।

# ਮਿਸ ਅਮਰੀਕਾ ਨੇ 60 ਮੰਜ਼ਿਲਾ ਇਮਾਰਤ ਤੋਂ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ




ਵਾਸ਼ਿੰਗਟਨ, 1 ਫਰਵਰੀ (ਪੋਸਟ ਬਿਊਰੋ)- ਮਿਸ ਯੂ ਐਸ ਏ-2019 ਅਤੇ ਅਮਰੀਕੀ ਮਾਡਲ ਚੇਲਸੀ ਕ੍ਰਿਸਟ ਨੇ 60 ਮੰਜ਼ਿਲਾ ਇਮਾਰਤ ਤੋਂ ਛਾਲ ਮਾਰ ਕੇ ਆਤਮਹੱਤਿਆ ਕਰ ਲਈ ਹੈ।

ਇੱਕ ਰਿਪੋਰਟ ਅਨੁਸਾਰ ਤੀਹ ਸਾਲ ਦੀ ਚੇਲਸੀ ਕ੍ਰਿਸਟ ਨੇ ਐਤਵਾਰ ਸਵੇਰੇ 7.15 ਵਜੇ ਸ਼ੱਕੀ ਹਾਲਾਤ ਵਿੱਚ ਆਤਮਹੱਤਿਆ ਕਰ ਲਈ। ਮੈਨਹੇਟਨ ਦੇ 60 ਮੰਜ਼ਿਲਾ ਓਰੀਅਨ ਬਿਲਡਿੰਗ ਵਿੱਚ ਉਸ ਦਾਅਪਾਰਟਮੈਂਟ 9ਵੇਂ ਫਲੋਰ ਉੱਤੇ ਸੀ। ਉਹ ਆਖਰੀ ਵਾਰ 29ਵੇਂ ਫਲੋਰ ਉੱਤੇ ਦੇਖੀ ਗਈ। ਆਤਮਹੱਤਿਆ ਨਾਲ ਜੁੜਿਆ ਕੋਈ ਸੁਸਾਈਡ ਨੋਟ ਨਹੀਂ ਮਿਲਿਆ। ਇਸ ਦੌਰਾਨ ਭਾਰਤ ਵਿੱਚੋਂ ਹਰਨਾਜ ਸੰਧੂ ਨੇ ਆਪਣੀ ਪੋਸਟ ਉਤੇ ਲਿਖਿਆ ਹੈ ਕਿ ਇਸ ਖਬਰ ਨੂੰ ਸੁਣਨ ਤੋਂ ਬਾਅਦ ਮੈਂ ਅੰਦਰ ਤੋਂ ਟੁੱਟ ਗਈ ਹਾਂ।ਹਰਨਾਜ ਨੇ ਆਪਣੀ ਇੰਸਟਾਗ੍ਰਾਮ ਸਟੋਰੀ ਉੱਤੇ ਲਿਖਿਆ ਕਿ ਇਹ ਦਿੱਲ ਟੁੱਟਣ ਵਾਲੀ ਖਬਰ ਹੈ ਜਿਸ ਉੱਤੇ ਮੈਨੂੰ ਯਕੀਨ ਨਹੀਂ ਹੋ ਰਿਹਾ। ਤੁਸੀਂ ਹਮੇਸ਼ਾ ਕਈ ਲੋਕਾਂ ਦੇ ਲਈ ਪ੍ਰੇਰਨਾ ਸੀ। ਰੈਸਟ ਇਨ ਪੀਸ ਚੇਲਸੀ। ਬੀਤੇ ਸਾਲ ਦਸੰਬਰ ਵਿੱਚ ਮਿਸ ਯੂਨੀਵਰਸ ਦਾ ਖਿਤਾਬ ਜਿੱਤਣ ਪਿੱਛੋਂ ਚੇਲਸੀ ਨੇ ਹਰਨਾਜ ਦਾ ਇੰਟਰਵਿਊ ਲਿਆ ਸੀ। ਚੇਲਸੀ ਨੇ ਹਰਨਾਜ ਦੇ ਮਿਸ ਯੂਨੀਵਰਸ ਬਣਨ ਦੇ ਬਾਅਦ ਉਨ੍ਹਾਂ ਦੇ ਨਾਲ ਆਪਣੀ ਇੱਕ ਤਸਵੀਰ ਸੋਸ਼ਲ ਮੀਡੀਆ ਉੱਤੇ ਵੀ ਸ਼ੇਅਰ ਕੀਤੀ ਸੀ।

# ਬਸੰਤ ਦੇ ਤਿਉਹਾਰ ਕਾਰਨ ਚੀਨ ਇੱਕ ਹਫਤੇ ਲਈ ਬੰਦ



ਪੇਈਚਿੰਗ, 1 ਫਰਵਰੀ (ਪੋਸਟ ਬਿਊਰੋ)- ਬਸੰਤ ਦਾ ਤਿਉਹਾਰ ਮਨਾਉਣ ਲਈ ਚੀਨ ਅੱਜ ਤੋਂ ਇੱਕ ਹਫਤੇ ਲਈ ਬੰਦ ਹੋ ਗਿਆ ਹੈ। ਇਸ ਦੌਰਾਨ ਚੀਨੀ ਲੋਕ ਜਿੱਥੇ ਪੁਰਾਣੇ ਸਾਲ (ਲੂਨਰ ਯੀਅਰ ਆਫ ਦਿ ਆਕਸ) ਨੂੰ ਅਲਵਿਦਾ ਕਹਿਣਗੇ ਉਥੇ ਨਵੇਂ ਸਾਲ (ਦਿ ਨਿਊ ਯੀਅਰ ਆਫ ਦਿ ਟਾਈਗਰ) ਦਾ ਸਵਾਗਤ ਕਰਨਗੇ।

ਚੀਨੀ ਲੋਕਾਂ ਨੂੰ ਬਸੰਤ ਦੇ ਤਿਉਹਾਰ ਲਈ ਦਿੱਤੇ ਆਪਣੇ ਸੁਨੇਹੇ ਵਿੱਚ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਰਾਸ਼ਟਰ ਦੇ ਪੁਨਰ-ਨਿਰਮਾਣ ਵੱਲ ਅੱਗੇ ਵਧਣ ਵਿੱਚ ਦੇਸ਼ ਦੀ ਏਕਤਾ ਦੀ ਅਹਿਮੀਅਤ ਦਾ ਜ਼ਿਕਰ ਕੀਤਾ। ਚੀਨੀ ਰਾਸ਼ੀ ਕੈਲੰਡਰ ਮੁਤਾਬਕ ਪਿਛਲਾ ਸਾਲ ਦਿ ਯੀਅਰ ਆਫ ਆਕਸ ਸੋਮਵਾਰ ਨੂੰ ਖਤਮ ਹੋ ਰਿਹਾ ਹੈ ਤੇ ਨਵਾਂ ਸਾਲ ਦਿ ਯੀਅਰ ਆਫ ਦਿ ਟਾਈਗਰ ਪਹਿਲੀ ਫਰਵਰੀ 2022 ਤੋਂ ਸ਼ੁਰੂ ਹੋ ਕੇ 21 ਜਨਵਰੀ 2023 ਤਕ ਚੱਲੇਗਾ। ਚੀਨੀ ਸਭਿਆਚਾਰ ਵਿੱਚ ਬਾਘ ਬਹਾਦੁਰੀ, ਜੋਸ਼ ਅਤੇ ਤਾਕਤ ਦਾ ਪ੍ਰਤੀਕ ਹੈ, ਜੋ ਲੋਕਾਂ ਨੂੰ ਮੁਸੀਬਤਾਂ ਤੋਂ ਕੱਢ ਸਕਦਾ ਹੈ ਅਤੇ ਇਸ ਨੂੰ ਸ਼ੁਭ ਮੰਨਿਆ ਜਾਂਦਾ ਹੈ। ਬਾਘ 12 ਚੀਨੀ ਰਾਸ਼ੀ ਚਿੰਨ੍ਹਾਂ ਵਿੱਚੋਂ ਤੀਜੇ ਨੰਬਰ ਦਾ ਚਿੰਨ੍ਹ ਹੈ। ਇਨ੍ਹਾਂ ਰਾਸ਼ੀ ਚਿੰਨ੍ਹਾਂ ਵਿੱਚ ਚੂਹਾ, ਬਲਦ, ਖਰਗੋਸ਼, ਡਰੈਗਨ, ਸੱਪ, ਘੋੜਾ, ਬੱਕਰੀ, ਬਾਂਦਰ, ਕੁੱਕੜ, ਕੁੱਤਾ ਤੇ ਸੂਰ ਵੀ ਸ਼ਾਮਲ ਹਨ।ਲੋਕਧਾਰਾ ਦੇ ਮਾਹਰਾਂ ਦਾ ਕਹਿਣਾ ਹੈ ਕਿ ਚੀਨੀ ਲੋਕ ਬਾਘ ਨੂੰ ਇਸ ਦੀ ਤਾਕਤ ਕਰਕੇ ਕਾਫੀ ਪਸੰਦ ਕਰਦੇ ਹਨ ਅਤੇ ਉਨ੍ਹਾਂ ਦਾ ਮੰਨਣਾ ਹੈ ਕਿ ਦਿ ਯੀਅਰ ਆਫ ਟਾਈਗਰ ਸ਼ੁਭ ਹੋਵੇਗਾ। ਬਸੰਤ ਦਾ ਤਿਉਹਾਰ ਸਾਲ ਵਿੱਚ ਇੱਕ ਵਾਰ ਮਨਾਇਆ ਜਾਂਦਾ ਹੈ। ਇਸ ਦੌਰਾਨ ਦੁਨੀਆ ਦੇ ਵੱਖ-ਵੱਖ ਕੋਨਿਆਂ ਵਿੱਚ ਰਹਿੰਦੇ ਚੀਨੀ ਲੋਕ ਪਰਵਾਰਾਂ ਨਾਲ ਇਹ ਤਿਉਹਾਰ ਮਨਾਉਣ ਲਈ ਪਿੰਡਾਂ ਤੇ ਸ਼ਹਿਰਾਂ ਨੂੰ ਜਾਂਦੇ ਹਨ।

# ਅਮਰੀਕਾ ਵਿੱਚ ਬਰਫ਼ੀਲੇ ਤੂਫ਼ਾਨ ਦੇ ਕਾਰਨ ਤਿੰਨ ਮੌਤਾਂ



ਸੈਕਰਾਮੈਂਟੋ, 1 ਫਰਵਰੀ (ਪੋਸਟ ਬਿਊਰੋ)- ਅਮਰੀਕਾ ਦੇ ਪੂਰਬੀ ਤੱਟ ਉੱਤੇ ਜਬਰਦਸਤ ਬਰਫ਼ੀਲੇ ਤੂਫ਼ਾਨ ਕਾਰਨ ਨਿਊਯਾਰਕ ਖੇਤਰ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਤੇ ਬਿਜਲੀ ਵਿੱਚ ਵਿਘਨ ਪੈਣ ਕਾਰਨ ਹਜ਼ਾਰਾਂ ਲੋਕ ਬਿਜਲੀ ਤੋਂ ਬਿਨਾਂ ਰਹਿਣ ਲਈ ਮਜ਼ਬੂਰ ਹਨ। ਬਰਫ਼ੀਲੇ ਤੂਫ਼ਾਨ ਨੇ ਸਮੁੱਚੇ ਪੂਰਬੀ ਤੱਟ ਨੂੰ ਲਪੇਟ ਲਿਆ ਤੇ ਉਤਰ ਪੂਰਬੀ ਖੇਤਰਾਂ ਵਿੱਚ 30 ਇੰਚ ਤਕ ਬਰਫ਼ਬਾਰੀ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਤੂਫ਼ਾਨ ਦੀ ਲਪੇਟ ਵਿੱਚ ਆਣ ਕੇ ਇੱਕ ਬਜ਼ੁਰਗ ਵਿਅਕਤੀ ਦੀ ਤਲਾਬ ਵਿੱਚ ਡਿੱਗ ਕੇ ਮੌਤ ਹੋ ਗਈ। ਨਸਾਉ ਕਾਊਂਟੀ ਦੇ ਅਧਿਕਾਰੀਆਂ ਅਨੁਸਾਰ 53 ਅਤੇ 75 ਸਾਲਾ ਦੋ ਵਿਅਕਤੀ ਸਾਇਸੈਟ ਕਸਬੇ ਵਿੱਚ ਮਾਰੇ ਗਏ। ਕੌਮੀ ਮੌਸਮ ਸੇਵਾ ਅਨੁਸਾਰ ਬੋਸਟਨ ਵਿੱਚ ਇੱਕ ਦਿਨ ਵਿੱਚ ਰਿਕਾਰਡ 23.6 ਇੰਚ ਬਰਫ ਪਈ। ਦੱਖਣੀ ਸਟਾਕਟਨ, ਮਾਸਾਚੂਸੈਟਸ ਵਿੱਚ 30.6 ਇੰਚ ਬਰਫ਼ਬਾਰੀ ਹੋਈ, ਜੋ ਇੱਕ ਰਿਕਾਰਡ ਹੈ। ਨਿਊਯਾਰਕ ਦੇ ਆਸ ਪਾਸ ਦੇ ਖੇਤਰਾਂ ਵਿੱਚ ਇੱਕ ਫੁੱਟ ਤਕ ਬਰਫ਼ਬਾਰੀ ਹੋਈ ਹੈ। ਟਾਲਾਹੈਸੀ, ਫਲੋਰੀਡਾ ਵਿੱਚ ਤਾਪਮਾਨ ਮਨਫੀ 20 ਡਿਗਰੀ ਤਕ ਆ ਗਿਆ। ਪਿਛਲੇ 10 ਸਾਲਾਂ ਵਿੱਚ ਪਹਿਲੀ ਵਾਰ ਇੱਥੇ ਤਾਪਮਾਨ ਵਿੱਚ ਏਨੀ ਗਿਰਾਵਟ ਦਰਜ ਹੋਈ ਹੈ। ਫਲੋਰੀਡਾ ਦੇ ਪ੍ਰਮੁੱਖ ਮੈਰਾਥਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਤਾਪਮਾਨ ਵਿੱਚ ਗਿਰਾਵਟ ਦਾ 65 ਸਾਲ ਪੁਰਾਣਾ ਰਿਕਾਰਡ ਟੁੱਟ ਗਿਆ ਹੈ ਅਤੇ ਇੱਥੇ ਤਾਪਮਾਨ ਮਨਫੀ 46 ਡਿਗਰੀ ਰਿਕਾਰਡ ਹੋਇਆ। ਇੱਕ ਲੱਖ ਤੋਂ ਵੱਧ ਲੋਕਾਂ ਦੀ ਬੱਤੀ ਗੁੱਲ ਹੋਈ ਹੈ। ਮਾਸਾਚੂਸੈਟਸ ਵਿੱਚ ਰਹਿੰਦੇ ਲੋਕ ਜ਼ਿਆਦਾ ਪ੍ਰਭਾਵਿਤ ਹੋਏ ਹਨ। ਮਾਸਾਚੂਸੈਟਸ ਦੀ ਲੈਫਟੀਨੈਂਟ ਗਵਰਨਰ ਕਰੀਨ ਪੋਲੀਟੋ ਨੇ ਲੋਕਾਂ ਨੂੰ ਸੜਕਾਂ ਉਪਰ ਨਾ ਆਉਣਾ ਤੇ ਘਰਾਂ ਵਿੱਚ ਰਹਿਣ ਲਈ ਕਿਹਾ ਹੈ।






ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777 416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ, ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਇਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਚ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਚ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!

DUNDAS·JAFINE

HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।

Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜ਼ਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202




## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569567850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂMBA ਅਤੇ ਕੈਨੇਡਾ ਤੋਂMarketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


WWW.KULWINDERCHHINA.COM



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਘਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour
• 7 Days Work • All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host



Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA

REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

www.BramptonTopRelator.com

Top 1% Broker — Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




ਕੈਨੇਡੀ / ਦੁੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈੱਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਈਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

## BRAMPTON



Queen St / West Drive $514,905

12 laurelcrest St. 411
Queen St./West Drive

ਕੁਈਨ ਸਟਰੀਟ ਤੇ ਵੈਸਟ ਡਰਾਈਵ ਉਤੇ ਬਹੁਤ ਹੀ ਸੋਹਣਾ ਕੋਂਡੋ ਆਰਟਮੈਂਟ। 24 ਘੰਟੇ ਸਿਕਿਓਰਟੀ ਦੇ ਨਾਲ ਫੁਲੀ ਰੈਨੋਵੇਟਡ ਘਰ। ਜਿਸ ਵਿਚ ਮਾਸਟਰ ਬੈਡਰੂਮ, 4 ਪੀਸੀ ਵਾਸ਼ਰੂਮ ਇਨਸੂਟ ਹਨ। ਇਹ ਘਰ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ ਹਾਈਵੇ 410 ਦੇ ਨੇੜੇ ਹੈ।

## BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈੱਡਰੂਮ, 3 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

## BRAMPTON



24 Youngstar Tr
Hwy 50/Cottrelle

2+1 ਬੈਡਰੂਮ, 3 ਵਾਸ਼ਰੂਮ ਦਾ ਬਹੁਤ ਹੀ ਵਧੀਆ ਘਰ। ਜਿਸ ਵਿਚ ਫਿਨਿਸ਼ਡ ਵਾਕ ਆਊਟ, ਬੇਸਮੈਂਟ, ਡਬਲ ਡੋਰ ਐਂਟਰੀ, ਹਾਰਡਵੁੱਡ ਫਲੋਰ, 2 ਫਰਿਜ, 2 ਡਰਾਇਰ, 2 ਸਟੋਵ, 2 ਵਾਸ਼ਰ ਹਾਈਵੇ ਹਨ। ਇਹ ਘਰ ਹਾਈਵੇ 50, 427, 407 ਦੇ ਨੇੜੇ ਸਥਿਤ ਹੈ ਤੇ ਨਾਲ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਹਨ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
416-371-7777

## BRAMPTON




34 Winterfold Dr

CREDITVIEW & BOVAIRD
(MOUNT PLEASANT)

ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ ਦੇ ਨਾਲ, ਖੁੱਲ੍ਹਾ ਮਾਸਟਰ ਬੈੱਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈੱਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777

FREE ONLINE PROGRAM

JVS TORONTO

# Job Search Workshop for Newcomers



### Looking for information on how to enter your field in Canada?

Give us four days and we will give you more confidence and an understanding of your occupation in Canada. You will learn what skills and qualifications companies want and where the jobs are.

**This free workshop offers:**

- An assessment of your unique needs
- Info on Canadian business perspectives
- One-on-one coaching and resume building
- Job search strategies and support
- A personalized action plan

**New registrants must have an assessment prior to the start of the program.**

Open to permanent residents, convention refugees or live-in caregivers – internationally trained professionals who are able to work and can communicate in English.

**Your First Steps to Employment in Canada**

**Now accepting applications.**
For more info and to register, contact JSW@jvstoronto.org
www.jvstoronto.org

Funded by: Immigration, Refugees and Citizenship Canada / Financé par : Immigration, Réfugiés et Citoyenneté Canada

United Way Greater Toronto — UJA FEDERATION of Greater Toronto




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017